# ਸੁਖਜੀਤ ਰਚਿਤ ਕਹਾਣੀ 'ਕਾਮਬਲੀ' ਕਹਾਣੀ ਦਾ ਥੀਮ-ਵਿਗਿਆਨਕ ਅਧਿਐਨ

ਪਰਮਪਾਲ ਬਾਦਲ

ਸੁਖਜੀਤ ਕੋਲ ਕਾਮ ਅਧਾਰਿਤ ਅਵਚੇਤਨ ਦੇ ਵਿਹਾਰਕ ਰੂਪ ਨੂੰ ਚਿਤਰਣ ਵਿੱਚ ਵਿਸ਼ੇਸ਼ ਮੁਹਾਰਤ ਹਾਸਲ ਹੈ ਇਸ ਲਈ ਉਸ ਦੀਆਂ ਕਹਾਣੀਆਂ ਵਿੱਚ ਕਾਮ ਦੇ ਅਨੇਕਾਂ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ । ਵਿਚਾਰਧੀਨ ਕਹਾਣੀ 'ਕਾਮਬਲੀ' ਦਾ ਮੁੱਖ ਥੀਮ ਵੀ ਮਨੁੱਖ ਦੀ ਮਾਨਸਿਕਤਾ ਵਿੱਚ ਕੁਦਰਤੀ ਤੌਰ ਉੱਤੇ ਪਈ ਕਾਮੁਕ ਪ੍ਰਵਿਰਤੀ ਨਾਲ ਜੁੜਿਆ ਹੋਇਆ ਹੈ । ਮਨੁੱਖ ਆਪਣੇ ਆਪ ਨੂੰ ਬ੍ਰਹਮਚਾਰੀ ਜਾਂ ਮਹਾਂਰਿਸ਼ੀ ਸਿੱਧ ਕਰਨ ਲਈ ਕੁਝ ਸਮੇਂ ਲਈ ਇਸ ਨੂੰ ਦਬਾ ਤਾਂ ਸਕਦਾ ਹੈ ਪਰ ਹਮੇਸ਼ਾ ਲਈ ਮਾਰ ਨਹੀਂ ਸਕਦਾ, ਕਹਾਣੀ ਦੇ ਕੇਂਦਰੀ ਪਾਤਰ ਓਮੀ ਸਾਧੂ ਨਾਲ ਵੀ ਇਸੇ ਤਰ੍ਹਾਂ ਹੀ ਵਾਪਰਦਾ ਹੈ, ਉਹ ਆਪਣੇ ਕਾਮੁਕ ਵੇਗ ਉਪਰ ਕਾਬੂ ਪਾਉਣ ਦੇ ਭਰਮੀ ਸਿਧਾਂਤ ਨਾਲ ਜੁੜਿਆ, ਆਪਣੇ ਹਠੀ, ਜਪੀ, ਤਪੀ ਹੋਣ ਦੇ ਆਡੰਬਰ ਨੂੰ ਰਚਦਾ ਭੈਰਵੀ ਨਾਲ ਮਿਲ ਕੇ ਉਸ ਦੇ ਜਿਸਮ ਨਾਲ ਖੇਡਦਾ ਭਾਵਨਾਵਾਂ 'ਤੇ ਕਾਬੂ ਪਾਉਣ ਵਿੱਚ ਕਾਮਯਾਬ ਹੋਣ ਦੇ ਭਰਮ ਨੂੰ ਸਿਰਜਦਾ ਹੈ । ਪਰ ਕਹਾਣੀ ਬਿਰਤਾਂਤ ਵਿੱਚ ਉਹ ਹੌਲੀ ਹੌਲੀ ਭੈਰਵੀ ਦੀਆਂ ਕਾਮੁਕ ਇਲਤਾਂ ਦੇ ਬਾਵਜੂਦ ਇੱਕ ਹੱਦ ਤੱਕ ਇਕੋ ਤਰ੍ਹਾਂ ਦੇ ਵਿਹਾਰ ਪ੍ਰਤੀ ਸਹਿਜਤਾ ਮਹਿਸੂਸ ਕਰਦਾ ਹੋਇਆ ਕਾਮ ਨੂੰ ਕਾਬੂ ਕਰਨ ਤੋਂ ਅਸਮਰਥ ਰਹਿੰਦਾ ਹੈ । ਪਰ ਸਾਈਂ ਬਾਬਾ ਇਸ ਨੂੰ ਆਪਣੇ ਆਸ਼ਰਮ ਦੀ ਮਹਿਮਾ ਲਈ ਕ੍ਰਿਸ਼ਮੇ ਦੇ ਤੌਰ ਉੱਤੇ ਪ੍ਰਚਾਰਦਾ ਹੈ । ਹਾਲਾਂਕਿ ਉਹ ਅਸਲ ਸੱਚ ਤੋਂ ਵੀ ਜਾਣੂ ਹੈ । ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਓਮੀ ਸਾਧੂ ਦਾ ਹਠੀ, ਜਪੀ, ਤਪੀ, ਸੁਭਾਅ ਕਹਾਣੀ ਦੀ ਕੇਂਦਰੀ ਚੂਲ ਵਿੱਚ ਸਮਾਇਆ ਹੋਇਆ ਬੱਝਾ ਮੋਟਿਫ਼ ਹੈ, ਕਹਾਣੀ ਦਾ ਸਮੁੱਚਾ ਬਿਰਤਾਂਤ ਇਸੇ ਮੋਟਿਫ਼ ਦੁਆਲੇ ਉਸਰਦਾ ਅਤੇ ਵਿਕਾਸ ਕਰਦਾ ਹੈ । ਇਸ ਮੋਟਿਫ਼ ਵਿੱਚੋਂ ਉਭਰਦੇ ਉੱਪ-ਬਿਰਤਾਂਤ ਦੇ ਗਤੀਸ਼ੀਲ ਮੋਟਿਫ਼ ਆਧੁਨਿਕ ਸਮਿਆਂ ਵਿੱਚ ਡੇਰਾ ਕਲਚਰ ਦੇ ਉਭਾਰ, ਉਸ ਵਿੱਚ ਚਲਦੀ ਦੇਹ ਦੀ ਲੀਲ੍ਹਾ, ਸਾਧੂਆਂ ਦੇ ਪਾਖੰਡੀ ਅਤੇ ਦੋਗਲੇ ਸੁਭਾਅ ਉੱਤੇ ਵਿਅੰਗ ਕਰਦੇ ਹੋਏ ਕਹਾਣੀ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ । ਕਹਾਣੀ ਦਾ ਕੇਂਦਰੀ ਥੀਮ ਕਾਮ ਦੀ ਸਦੀਵੀ ਜਿੱਤ ਨੂੰ ਪੇਸ਼ ਕਰਨਾ ਹੈ । ਇਸੇ ਲਈ ਕਹਾਣੀ ਦੀ ਅਖ਼ੀਰਲੀ ਘਟਨਾ ਧਰਮ, ਪਾਖੰਡ ਦੇ ਆਡੰਬਰ ਥੱਲੇ ਲਕੋਏ ਜਾ ਰਹੇ ਅਸਲ ਸੱਚ ਨੂੰ ਨੰਗਾ ਕਰਦੀ ਹੋਈ ਕਾਮ ਦੀ ਸਦੀਵੀ ਜਿੱਤ ਨੂੰ ਮੂਰਤੀਮਾਨ ਕਰਦੀ ਹੈ । ਕਹਾਣੀ ਦਾ ਕੇਂਦਰੀ ਪਾਤਰ ਓਮੀ ਸਾਧੂ ਕਹਾਣੀ ਦੇ ਅੰਤ ਵਿਚ ਕਾਮੁਕ ਸ਼ਕਤੀ ਤੋਂ ਹਾਰਿਆ ਹੋਇਆ ਆਪਣੇ ਹੱਠ ਉੱਤੇ ਪਛਤਾਉਂਦਾ, ਬ੍ਰਹਮਚਾਰੀਆ ਦੀ ਪਦਵੀ ਨੂੰ ਪ੍ਰਾਪਤ ਤਾਂ ਕਰਦਾ ਹੈ ਪਰ ਚਰਨ ਧੋ ਰਹੀਆਂ ਕੰਨਿਆਵਾਂ ਦੀਆਂ ਸੁਡੋਲ

ਛਾਤੀਆਂ ਨੂੰ ਤੱਕਦਿਆਂ ਹੀ ਉਸ ਅੰਦਰ ਆਮ ਬੰਦੇ ਵਾਂਗ ਕਾਮੁਕ ਜਵਾਰਭਾਟਾ ਉੱਠ ਖੜ੍ਹਦਾ ਹੈ । ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਮੋਟਿਫ਼ਾਂ ਦਾ ਕੇਂਦਰੀ ਥੀਮ ਬਾਬੇ ਨਾਨਕ ਦੀ ਵਿਚਾਰਧਾਰਾ 'ਗ੍ਰਹਿਸਤ ਧਰਮ' ਵਿੱਚ ਹੀ ਮੁਕਤੀ ਦੇ ਥੀਮ ਦਾ ਹੀ ਅਗਲਾ ਵਿਸਥਾਰ ਹੈ । ਵਿਚਾਰਧੀਨ ਕਹਾਣੀ ਨੂੰ ਅਸੀਂ ਥੀਮ-ਵਿਗਿਆਨਕ ਵਿਧੀ ਦੇ ਸੰਕਲਪਾਂ, ਸੰਰਚਨਾ ਤੱਤਾਂ ਅਤੇ ਜੁਗਤਾਂ ਆਦਿ ਦੀ ਮੱਦਦ ਨਾਲ ਇਸ ਤਰ੍ਹਾਂ ਵਿਚਾਰ ਸਕਦੇ ਹਾਂ :

ਵਿਚਾਰਧੀਨ ਕਹਾਣੀ ਦੀ ਸਭ ਤੋਂ ਪਹਿਲੀ ਵਿਲੱਖਣ ਵਿਧੀ ਇਹ ਹੈ ਕਿ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਵਿੱਚ ਕਾਰਜਸ਼ੀਲ ਮੋਟਿਫ਼ਾਂ ਦੇ ਥੀਮ ਦਾ ਝਾਉਲਾ ਕਹਾਣੀ ਦੇ ਸਿਰਲੇਖ ਤੋਂ ਹੀ ਉਜਾਗਰ ਕਰ ਦਿੰਦਾ ਹੈ । ਅਰਥਾਤ ਜੋ ਬਿਰਤਾਂਤ ਵਿੱਚ ਅੱਗੇ ਵਾਪਰਨਾ ਹੈ ਉਸ ਦੇ ਬੀਜ ਸਿਰਲੇਖ ਵਿਚ ਹੀ ਪੁੰਗਰ ਚੁੱਕੇ ਹਨ । ਇਸ ਤਰ੍ਹਾਂ ਕਹਾਣੀਕਾਰ ਕਹਾਣੀ ਦੇ ਸਿਰਲੇਖ ਜਰੀਏ ਪਾਠਕ ਦੇ ਮਨ ਵਿੱਚ ਇਕੋ ਝਟਕੇ ਨਾਲ ਉਤਾਵਲ ਉਤਪੰਨ ਕਰਦਾ ਹੋਇਆ ਇਸ ਗੱਲ ਦਾ ਇੱਕ ਸੁਚੇਤ ਜਿਹਾ ਅਹਿਸਾਸ ਜਗਾ ਦਿੰਦਾ ਹੈ ਕਿ ਕਹਾਣੀ ਬਿਰਤਾਂਤ ਵਿੱਚ ਜੋ ਵੀ ਮੋਟਿਫ਼ ਪੇਸ਼ ਹੋਣਗੇ ਉਨ੍ਹਾਂ ਦਾ ਸਿੱਧਾ ਅਤੇ ਮਹੱਤਵਪੂਰਨ ਸੰਬੰਧ ਕਹਾਣੀ ਸਿਰਲੇਖ ਨਾਲ ਹੋਵੇਗਾ, ਕਹਾਣੀ ਸਿਰਲੇਖ ਤੋਂ ਕਹਾਣੀ ਦੀ ਕਥਾ ਵਸਤੂ ਭਾਵੇਂ ਸਧਾਰਨ ਹੀ ਜਾਪਦੀ ਹੈ, ਪਰ ਜਿਵੇਂ ਜਿਵੇਂ ਕਹਾਣੀ ਬਿਰਤਾਂਤ ਦੀਆਂ ਪਰਤਾਂ ਖੁਲ੍ਹਦੀਆਂ ਜਾਣਗੀਆਂ ਤਿਵੇਂ ਤਿਵੇਂ ਬਹੁਤ ਸਾਰੇ ਗੁੱਝੇ ਵੇਰਵੇ ਸਾਹਮਣੇ ਆਉਂਦੇ ਜਾਣਗੇ । ਕਾਮ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਾਣੀਕਾਰ ਸੁਖਜੀਤ ਨੇ ਇੱਕ ਇੰਟਰਵਿਊ ਵਿਚ ਕਿਹਾ ਹੈ –

> ... ਕਾਮ, ਧਰਮ ਅਰਥ ਤੇ ਮੋਕਸ਼ ਜਿਨ੍ਹਾਂ ਹੀ ਮਹੱਤਵਪੂਰਨ ਹੈ । ਸਗੋਂ ਅੱਜ ਜਦੋਂ ਮਰਿਆਦਾਵਾਂ ਟੁੱਟ ਰਹੀਆਂ ਨੇ । ਵਰਣ ਆਸ਼ਰਮ ਨਹੀਂ ਰਹੇ । ਸਭ ਪਾਸੇ ਕਾਮ ਪ੍ਰਮੁੱਖ ਹੈ । ... ਕਾਮ ਦਾ ਸੰਬੰਧ ਮਨੁੱਖੀ ਹੋਂਦ ਨਾਲ ਵੀ ਹੈ, ਜਸ਼ਨ ਨਾਲ ਵੀ, ਖ਼ਬਤ ਨਾਲ ਵੀ ਹੈ । ਕਾਮ ਦੀ ਲੀਲ੍ਹਾ ਅਪਰ ਅਪਾਰ ।[1]

ਹੁਣ ਅਸੀਂ ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਮੋਟਿਫ਼ਾਂ ਦਾ ਬਰੀਕ ਬੀਨੀ ਨਾਲ ਅਧਿਐਨ ਕਰਦੇ ਹੋਏ ਇਸ ਦੀ ਕੇਂਦਰੀ ਥੀਮ ਤੱਕ ਪਹੁੰਚਣ ਦਾ ਜਤਨ ਕਰਾਂਗੇ । ਕਹਾਣੀ ਬਿਰਤਾਂਤ ਦੇ ਸ਼ੁਰੂ ਵਿੱਚ ਪੇਸ਼ ਹੋਏ ਮੋਟਿਫ਼ ਹਨ :

> ਓਮੀ ਜੀ ਨੇ ਚਿੱਪੀ 'ਚੋਂ ਚੂਲੀ ਭਰੀ ਤੇ ਸਾਹਮਣੇ ਬੈਠੀ ਭੈਰਵੀ ਨੂੰ ਕਿਹਾ, ''ਮੇਰਾ ਸਾਥ ਦੇ ਭੈਰਵੀ ...।''[2]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਕਹਾਣੀ ਦੇ ਸ਼ੁਰੂ ਵਿੱਚ ਧਾਰਮਿਕ ਮਾਹੌਲ ਨੂੰ ਪੇਸ਼ ਕਰਦੇ ਓਮੀ ਜੀ ਦੇ ਉਪਰੋਕਤ ਬੋਲ ਪਾਠਕ ਦੇ ਮਨ ਅੰਦਰ ਕਈ ਤਰ੍ਹਾਂ ਦੇ ਸਵਾਲ ਉਤਪੰਨ ਕਰਦੇ ਹਨ । ਜਿਵੇਂ :

- ਓਮੀ ਜੀ ਨੇ ਚਿੱਪੀ 'ਚੋਂ ਚੂਲੀ ਕਿਸਦੀ ਅਤੇ ਕਿਉਂ ਭਰੀ ਹੈ ?
- ਉਨ੍ਹਾਂ ਭੈਰਵੀ ਤੋਂ ਕਿਸ ਪ੍ਰਕਾਰ ਦੀ ਸਹਾਇਤਾ ਮੰਗੀ ਹੈ ?
- ਕੀ ਭੈਰਵੀ ਉਸ ਦੀ ਸਹਾਇਤਾ ਕਰੇਗੀ ?
- ਓਮੀ ਅਤੇ ਭੈਰਵੀ ਦਾ ਆਪਸ ਵਿਚ ਰਿਸ਼ਤਾ-ਨਾਤਾ ਕੀ ਹੈ ?

ਇਨ੍ਹਾਂ ਸੁਭਾਵਕ ਉਠ ਰਹੇ ਪ੍ਰਸ਼ਨਾਂ ਦੇ ਉੱਤਰ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ ਇਨ੍ਹਾਂ ਬਾਰੇ ਜਾਣਕਾਰੀ ਸਾਨੂੰ ਅਗਾਂਹ ਮਿਲੇਗੀ, ਕਹਾਣੀ ਦੇ ਸ਼ੁਰੂ ਵਿੱਚ ਪੈਦਾ ਹੋਏ ਇਨ੍ਹਾਂ ਪ੍ਰਸ਼ਨਾਂ ਸਦਕਾ ਪਾਠਕ ਅਤੇ ਰਚਨਾ ਵਿਚਕਾਰ ਉਤਸੁਕਤਾ ਦਾ ਨਾਤਾ ਜੁੜ ਜਾਂਦਾ ਹੈ ਜਿਸ ਸਦਕਾ ਪਾਠਕ ਇਨ੍ਹਾਂ ਸਵਾਲਾਂ ਦੇ ਜਵਾਬ ਜਾਣਨ ਲਈ ਅਗਾਂਹ ਕਹਾਣੀ ਪੜ੍ਹਨ ਲਈ ਮਜ਼ਬੂਰ ਹੋ ਜਾਂਦਾ ਹੈ, ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ਾਂ ਵਿੱਚ ਕਹਾਣੀਕਾਰ ਉਪਰੋਕਤ ਪੈਦਾ ਹੋਏ ਪ੍ਰਸ਼ਨਾਂ ਵਿੱਚੋਂ ਪਹਿਲੇ ਦੋ ਪ੍ਰਸ਼ਨਾਂ ਦੇ ਉੱਤਰ ਨੂੰ ਸਪੱਸ਼ਟ ਕਰ ਦਿੰਦਾ ਹੈ ਅਤੇ ਤੀਜੇ, ਚੌਥੇ ਪ੍ਰਸ਼ਨਾਂ ਬਾਰੇ ਵਿਗੋਪਨ 'ਵਿਲੰਬਤ' ਕਰ ਦਿੰਦਾ ਹੈ, ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਭੈਰਵੀ ਨੇ ਮੁਨੀਵਰ ਵੱਲ ਦੇਖਿਆ ।
>
> ਖੱਬੀ ਬਾਂਹ ਬੈਰਾਗਣ 'ਤੇ ਟਿਕਾਈ, ਮ੍ਰਿਗਸ਼ਾਲਾ ਉੱਤੇ ਬਿਰਾਜਮਾਨ, ਮੁੰਦੇ ਨੇਤਰੀਂ ਉਹ ਕੋਈ ਪੁਰਾਤਨ ਰਿਸ਼ੀ ਜਾਪਦੇ ਨੇ, ਜਿਹੜੇ ਚੂਲੀ 'ਚੋਂ ਤ੍ਰਿੱਪ ਤ੍ਰਿੱਪ ਚੋਂਦੇ ਜਲ ਨੂੰ ਸਾਂਭਣ ਦਾ ਯਤਨ ਕਰਦੇ ਹੋਏ ਪ੍ਰਣ ਵੀ ਕਰ ਰਹੇ ਨੇ ਤੇ ਯਾਚਨਾ ਵੀ, ''ਮੈਂ ਕਾਮ ਬਲੀ ਨੂੰ ਵਸ 'ਚ ਕਰਾਂਗਾ ਭੈਰਵੀ, ਤੂੰ ਮੇਰੀ ਸਹਾਇਤਾ ਕਰ, ਮੈਂ ਓਮੀ ਸਾਧੂ ਤੇਰੇ ਅਤੇ ਜਲ ਦੇ ਸਮਅਕਸ਼ ਪ੍ਰਣ ਕਰਦਾ ਹਾਂ ਕਿ ਇਸ ਮਹਾਂਬਲੀ ਨੂੰ ਵੱਸ 'ਚ ਕਰਕੇ ਬ੍ਰਹਮਚਾਰਜ ਧਾਰਨ ਕਰਾਂਗਾ, ਤੂੰ ਮੇਰੇ ਅੰਗ ਸੰਗ ਵਿਚਰ ... ।[3]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਓਮੀ ਜੀ ਦੇ ਉਪਰੋਕਤ ਬੋਲ ਜਿਥੇ ਕਹਾਣੀ ਦੇ ਸ਼ੁਰੂ ਵਿੱਚ ਉਠ ਰਹੇ ਕੁਝ ਪ੍ਰਸ਼ਨਾਂ ਦੇ ਉੱਤਰ ਨੂੰ ਵਿਗੋਪਤ ਕਰ ਰਹੇ ਹਨ ਉਥੇ ਕਹਾਣੀ ਦੀ ਕੇਂਦਰੀ ਥੀਮ (ਕਾਮ ਨੂੰ ਕਾਬੂ ਕਰਨਾ, ਜਾਂ ਨਾ ਕਰਨਾ) ਨੂੰ ਵੀ ਪੇਸ਼ ਕਰਦੇ ਹਨ । ਏਥੋਂ ਹੀ ਕਹਾਣੀ ਦਾ ਫ਼ੇਬੁਲਾ ਆਰੰਭ ਹੋ ਜਾਂਦਾ ਹੈ, ਜੋ ਵੱਖ ਵੱਖ ਸੁਜੇਤਾਂ ਦੀ ਮੱਦਦ ਨਾਲ ਆਪਣੇ ਅਖੀਰੀ ਪੜਾਅ ਉੱਪਰ ਪਹੁੰਚਦਾ ਕਰਦਾ ਹੈ

। ਉਪਰੋਕਤ ਮੋਟਿਫ਼ਾਂ ਨੂੰ ਵਿਚਾਰਨ ਤੋਂ ਬਾਅਦ ਪਾਠਕ ਇਹ ਜਾਣਨ ਲਈ ਅਤਿ ਉਤਾਵਲਾ ਹੋ ਜਾਂਦਾ ਹੈ ਕਿ ਕਹਾਣੀ ਬਿਰਤਾਂਤ ਵਿੱਚ ਅੱਗੋਂ ਕੀ ਕੁੱਝ ਵਾਪਰੇਗਾ ? ਇਸ ਤਰ੍ਹਾਂ ਓਮੀ ਜੀ ਦੇ ਉਪਰੋਕਤ ਬੋਲ 'ਗਾਲਪਨਿਕ ਮੋਟਿਫ਼' ਦੇ ਤੌਰ ਉੱਤੇ ਕਈ ਰੀਮਕ ਸੰਭਾਵਨਾਵਾਂ ਨੂੰ ਸਪੱਸ਼ਟ ਕਰਦੇ ਹਨ —

- ਕੀ ਭੈਰਵੀ ਓਮੀ ਦੀ ਸਹਾਇਤਾ ਕਰਨ ਲਈ ਮੰਨ ਜਾਵੇਗੀ ?
- ਇਹ ਵੀ ਹੋ ਸਕਦਾ ਹੈ ਕਿ ਭੈਰਵੀ ਓਮੀ ਜੀ ਦੀ ਸਹਾਇਤਾ ਕਰਨ ਲਈ ਨਾ ਮੰਨੇ ?
- ਕੀ ਓਮੀ ਜੀ ਸੱਚਮੁਚ ਕਾਮ ਉੱਤੇ ਕਾਬੂ ਪਾ ਕੇ ਬ੍ਰਹਮਚਾਰਜ ਧਾਰਨ ਕਰੇਗਾ ਜਾਂ ਨਹੀਂ ?
- ਇਕ ਸੰਭਾਵਨਾ ਰਲੀ ਮਿਲੀ ਇਹ ਵੀ ਹੋ ਸਕਦੀ ਹੈ ਕਿ ਓਮੀ ਸਾਧੂ ਕਾਮ ਨੂੰ ਕਾਬੂ ਕਰੇਗਾ ਵੀ, ਅਤੇ ਨਹੀਂ ਵੀ ਕਰੇਗਾ ?

ਇਹ ਸਾਰੀਆਂ ਸੰਭਾਵਨਾਵਾਂ ਪਾਠਕ ਦੇ ਮਨ ਅੰਦਰ ਘੁੰਮ ਰਹੀਆਂ ਹਨ ਪਰ ਅਸੀਂ ਇਹ ਦੇਖਣਾ ਹੈ ਕਿ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਉਪਰੋਕਤ ਰੀਮਕ ਸੰਭਾਵਨਾਵਾਂ ਵਿੱਚੋਂ ਕਿਹੜੀ-ਕਿਹੜੀ ਰੀਮ ਨੂੰ ਚੁਣਦਾ ਹੈ । ਓਮੀ ਸਾਧੂ ਦਾ ਭੈਰਵੀ ਨੂੰ ਸਹਾਇਤਾ ਲਈ ਸੰਬੋਧਨ ਇਹ ਪ੍ਰਭਾਵ ਉਜਾਗਰ ਕਰਦਾ ਹੈ ਕਿ ਸਭ ਤੋਂ ਪਹਿਲਾਂ ਕਹਾਣੀਕਾਰ ਭੈਰਵੀ ਵਲੋਂ ਓਮੀ ਸਾਧੂ ਦੀ ਸਹਾਇਤਾ ਕਰਨ ਜਾਂ ਨਾ ਕਰਨ ਵਾਲੀ ਰੀਮਕ ਸੰਭਾਵਨਾ ਵਿੱਚੋਂ ਕਿਸੇ ਇਕ ਰੀਮ ਨੂੰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਚੁਣੇਗਾ ਕਿਉਂਕਿ ਓਮੀ ਸਾਧੂ ਦੇ ਕਾਮ ਨੂੰ ਕਾਬੂ ਕਰਨ ਜਾਂ ਨਾ ਕਰਨ ਦੀ ਸੰਭਾਵਨਾ ਭੈਰਵੀ ਦੇ ਸਹਾਇਤਾ ਕਰਨ ਜਾਂ ਨਾ ਕਰਨ ਉੱਤੇ ਕੇਂਦਰਿਤ ਹੈ । ਇਸ ਲਈ ਕਹਾਣੀਕਾਰ ਉਪਰੋਕਤ ਰੀਮਕ ਸੰਭਾਵਨਾ ਵਿੱਚੋਂ ਪਹਿਲਾਂ ਭੈਰਵੀ ਵੱਲੋਂ ਓਮੀ ਸਾਧੂ ਦੀ ਸਹਾਇਤਾ ਕਰਨ ਵਾਲੀ ਰੀਮ ਨੂੰ ਚੁਣ ਲੈਂਦਾ ਹੈ । ਜਿਸ ਸਦਕਾ ਕਹਾਣੀ ਦਾ ਪ੍ਰਵਾਹ ਨਿਰੰਤਰ ਜਾਰੀ ਰਹਿੰਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਭੈਰਵੀ ਨੇ ਸਲੀਕੇ ਨਾਲ ਚਿੱਪੀ ਟੇਢੀ ਕਰਕੇ ਚੂਲੀ ਵਿੱਚ ਜਲ ਲਿਆ ਤੇ ...
>
> ਕਿਹਾ ਹੈ, ''ਮੈਂ ਬਚਨ ਦਿੰਦੀ ਹਾਂ, ਕਾਮ ਬਲੀ ਨੂੰ ਵਸ 'ਚ ਕਰਨ ਲਈ ਮੁਨੀਵਰ ਦਾ ਤਨੋਂ ਮਨੋਂ ਸਾਥ ਦੇਵਾਂਗੀ ...।''[4]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਇਹ ਬੱਝੇ ਮੋਟਿਫ਼ ਕਹਾਣੀਕਾਰ ਦੀ ਚੁਣੀ ਹੋਈ ਰੀਮਕ ਸੰਭਾਵਨਾ ਦੀ ਗਵਾਹੀ ਭਰਦੇ, ਗਤੀਸ਼ੀਲ ਮੋਟਿਫ਼ਾਂ ਦੀ ਦਿਸ਼ਾ ਨਿਰਧਾਰਿਤ ਕਰਦੇ ਹੋਏ ਵਿਕਾਸ ਕਰਦੇ ਹਨ ਕਿਉਂਕਿ ਇਨ੍ਹਾਂ ਮੋਟਿਫ਼ਾਂ ਵਿੱਚ ਹੀ ਓਮੀ ਦੀ ਕਾਮ ਨੂੰ ਕਾਬੂ ਕਰਨ ਜਾਂ ਨਾ ਕਰਨ ਦੀ ਸੰਭਾਵਨਾ ਲੁਕੀ ਹੋਈ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ —

> ਦੋਵਾਂ ਨੇ ਚੂਲੀਆਂ ਵਿਚਲਾ ਜਲ ਧਰਤੀ ਮਾਤਾ ਨੂੰ ਅਰਪ ਦਿੱਤਾ ਹੈ ।

> ਓਮੀ ਜੀ ਉੱਠੇ, ਦੋਵੇਂ ਹੱਥ ਜੋੜ ਇਕ ਲੱਤ 'ਤੇ ਖਲੋ ਪ੍ਰਾਰਥਨਾ ਕਰਨ ਲੱਗੇ, ''ਹੇ ਕਾਮਦੇਵ, ਹੇ ਮਹਾਂਬਲੀ, ਬਲ ਬਖਸ਼ ਕਿ ਮੈਂ ਤੇਰੇ ਸੰਗ ਯੁੱਧ ਲੜ ਸਕਾਂ ... ।''
> ਭੈਰਵੀ ਨੇ ਵੀ ਕਿਹਾ, ''ਹੇ ਕਾਮਦੇਵੀ ਰੱਤੀ, ਸ਼ਕਤੀ ਦੇ ਕਿ ਮੈਂ ਆਪਣਾ ਬਚਨ ਨਿਭਾ ਸਕਾਂ !''
> ਉਹਨਾਂ ਇਕੱਠਿਆਂ ਧਰਤੀ ਨਮਸਕਾਰੀ, ਓਮੀ ਜੀ ਨੇ ਚਿੱਪੀ ਅਤੇ ਮ੍ਰਿਗਸ਼ਾਲਾ ਸਾਂਭ ਤੁਰਦਿਆਂ ਕਿਹਾ, ''ਚਲੋ ਭੈਰਵੀ ।''
> ਤੇ ਭੈਰਵੀ ਉਹਨਾਂ ਦੇ ਨਾਲ ਹੋ ਤੁਰੀ ।[5]

ਹੁਣ ਅਸੀਂ ਇਹ ਦੇਖਣਾ ਹੈ ਕਿ ਓਮੀ ਸਾਧੂ ਭੈਰਵੀ ਤੋਂ ਸਹਾਇਤਾ ਪ੍ਰਾਪਤ ਕਰਕੇ ਕਾਮ ਨੂੰ ਕਾਬੂ ਵਿੱਚ ਕਰਨਗੇ ਜਾਂ ਨਹੀਂ ਕਰਨਗੇ ? ਇਹ ਰਹੱਸ ਹੀ ਕਹਾਣੀ ਦੀ ਕੇਂਦਰੀ ਚੂਲ ਵਿੱਚ ਸਮਾਇਆ ਹੋਇਆ ਬੱਝਾ ਮੋਟਿਫ਼ ਹੈ । ਇਹ ਮੋਟਿਫ਼ ਜਿਵੇਂ ਜਿਵੇਂ ਗਤੀਸ਼ੀਲ ਅਤੇ ਗਤੀਹੀਨ ਮੋਟਿਫ਼ਾਂ ਤਹਿਤ ਆਹਿਸਤਾ ਆਹਿਸਤਾ ਖੁੱਲ੍ਹਦਾ ਜਾਵੇਗਾ ਤਿਵੇਂ ਤਿਵੇਂ ਓਮੀ ਜੀ ਦੇ ਕਾਮ ਨੂੰ ਕਾਬੂ ਕਰਨ ਜਾਂ ਨਾ ਕਰਨ ਵਾਲੀ ਸੰਭਾਵਨਾ ਉਜਾਗਰ ਹੁੰਦੀ ਜਾਵੇਗੀ । ਕਹਾਣੀ ਵਿੱਚ ਪੇਸ਼ ਹੋਇਆ ਇਹ ਰਹੱਸ ਹੀ ਕਹਾਣੀ ਦੀ ਕੇਂਦਰੀ ਥੀਮ ਨੂੰ ਪ੍ਰਗਟਾਉਣ ਲਈ ਰਚਨਾ ਪ੍ਰੇਰਕ ਦਾ ਕੰਮ ਕਰਦਾ ਹੋਇਆ ਵਿਕਾਸ ਕਰਦਾ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਉਹ ਦੋਵੇਂ ਇਕਾਂਤ ਵੱਲ ਜਾਣ ਲੱਗੇ, ਦਰਿਆ ਕੰਢੇ ਵਾਲੀ ਕੁਟੀਆ ਵਿੱਚ । ... ਆਸ਼ਰਮ ਦੇ ਮੁਖੀ ਸਾਈਂ ਬਾਬਾ ਨੇ ਉਹਨਾਂ ਨੂੰ ਜਾਂਦਿਆਂ ਵੇਖ ਹੌਕਾ ਭਰਿਆ, ਦੂਰੋਂ ਉਹਨਾਂ ਦਾ ਸਾਇਆ ਇਕ ਹੀ ਦਿਸਣ ਲੱਗਾ ਤਾਂ ਸਾਈਂ ਬਾਬਾ ਨੇ ਸੋਚਿਆ, ''ਇਹ ਉਹ ਓਮੀ ਤਾਂ ਨਹੀਂ, ਉਹ ਅੱਖੜ ਸਾਧੂ, ਹਠੀ, ਜਪੀ, ਤਪੀ ਤੇ ਭੈਰਵੀ ? ਭੈਰਵੀ ਕਿਹੜਾ ਉਹ ਰਹਿ ਗਈ ਹੈ ... ।''[6]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਸੰਕੇਤਕ ਤੌਰ ਉੱਤੇ ਵਰਤੇ ਗਏ ਉਪਰੋਕਤ ਮੋਟਿਫ਼, ਬੱਝੇ ਮੋਟਿਫ਼ ਹਨ ਜੋ ਅਗਾਂਹ ਵਾਪਰਨ ਵਾਲੇ ਗਤੀਸ਼ੀਲ ਮੋਟਿਫ਼ਾਂ ਵੱਲ ਇਸ਼ਾਰਾ ਹਨ, ਕਿਉਂਕਿ ਇਨ੍ਹਾਂ ਬੱਝਵੇਂ ਮੋਟਿਫ਼ਾਂ ਨੇ ਹੀ ਹੌਲੀ ਹੌਲੀ ਖੁਲ੍ਹਦੇ ਹੋਏ ਕਹਾਣੀ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣੀ ਹੈ । ਏਥੇ ਕਹਾਣੀਕਾਰ ਫ਼ੇਬੁਲਾ ਦੇ ਅੰਤ ਸੰਬੰਧੀ ਸੰਕੇਤਕ ਤੌਰ ਉੱਤੇ ਪ੍ਰਗਟਾਓ/ਲੁਕਾਓ ਦੀ ਵਿਧੀ ਨੂੰ ਵਰਤਦਾ ਹੋਇਆ ਫ਼ੇਬੁਲਾ ਦਾ ਅਜਨਬੀਕਰਨ ਕਰ ਜਾਂਦਾ ਹੈ। ਕਹਾਣੀਕਾਰ ਉਪਰੋਕਤ ਸੰਕੇਤਕ ਮੋਟਿਫ਼ਾਂ ਨੂੰ ਹੌਲੀ ਹੌਲੀ ਖੋਲ੍ਹੇਗਾ, ਇਹ ਇਸ ਕਹਾਣੀ ਦਾ ਅੰਦਾਜ਼ ਹੈ, ਕੁਝ ਦੱਸ ਕੇ ਕੁਝ ਲੁਕਾ ਲੈਣਾ

ਇਹੋ ਕਲਾਕਾਰੀ ਹੈ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਪਿੱਛਲਝਾਤ ਅਤੇ ਵਰਤਮਾਨ ਦੇ ਵੇਰਵਿਆਂ ਨੂੰ ਇਕੋ ਜਗ੍ਹਾ ਪੇਸ਼ ਕਰਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਚੁਫੇਰੇ ਉੱਤਰ ਰਹੀ ਰਾਤ ਦੀ ਕਾਲਖ, ਸੰਧਿਆਂ ਦੀ ਲਾਲੀ ਨੂੰ ਖਾਣ ਲੱਗੀ ਤੇ ਸਾਈਂ ਬਾਬਾ ਬੀਤ ਚੁੱਕੇ 'ਚ ਗੁਆਚਣ ਲੱਗੇ ... ।
>
> ਓਮੀ ਜੀ ਦੀ ਕੁਟੀਆ ਵਿੱਚ ਵਜਦੇ ਅਲਾਰਮ ਨਾਲ ਸਾਈਂ ਬਾਬਾ ਦੀ ਜਾਗ ਖੁੱਲ੍ਹ ਗਈ ਸੀ, ਪਰ ਨੀਂਦ ਅਜੇ ਪੂਰੀ ਨਹੀਂ ਸੀ ਹੋਈ, ਰਾਤੀਂ ਸ਼ਰਧਾਲੂ ਦੇਰ ਤੱਕ ਬੈਠੇ ਰਹੇ ਸਨ । ਅਲਾਰਮ ਬੰਦ ਹੋਇਆ ਤਾਂ ਉਹ ਫੇਰ ਸੌਂ ਗਏ ।
>
> ਓਮੀ ਜੀ ਨੇ ਅਲਾਰਮ ਬੰਦ ਕੀਤਾ ਤੇ ਬੜੀ ਹੀ ਖ਼ਰਵੀਂ ਤਰ੍ਹਾਂ 'ਰਹੀਓਮ' ਕਹਿੰਦਿਆਂ ਸੇਵਕ ਨੂੰ ਆਵਾਜ਼ ਮਾਰੀ । ...[7]

ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਮਰਿਆਦਾ ਨੂੰ ਲੈ ਕੇ ਬੜੇ ਸਖ਼ਤ ਸਨ ਓਮੀ ਜੀ । ਰਾਤ ਅੱਠ ਵਜੇ ਤੋਂ ਬਾਅਦ ਕੋਈ ਸ਼ਰਧਾਲੂ ਉਹਨਾਂ ਦੀ ਕੁਟੀਆ 'ਚ ਨਾ ਰਹਿ ਸਕਦਾ । ਔਰਤ ਤਾਂ ਸੂਰਜ ਛਿਪਣ ਤੋਂ ਪਿੱਛੋਂ ਉਹਨਾਂ ਦੇ ਮੱਥੇ ਨਾ ਲਗਦੀ, ਬੜਾ ਤਪ ਤੇਜ ਸੀ ਉਹਨਾਂ ਦਾ । ਇਹ ਸਭ ਨੂੰ ਕੱਸ ਕੇ ਰੱਖਦੇ, ਆਪਣੇ ਸਰੀਰ ਨੂੰ ਵੀ । ... ਕੋਈ ਔਰਤ ਕੁਵੇਲੇ ਮੱਥੇ ਲੱਗ ਜਾਵੇ ਜਾਂ ਛੂਹ ਜਾਵੇ ਤਾਂ ਉਹ ਸਣੇ ਵਸਤਰ ਪਾਣੀ ਵਿੱਚ ਵੜ ਜਾਂਦੇ ...।[8]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਕਹਾਣੀ ਦੇ ਕੇਂਦਰੀ ਥੀਮ ਦੀ ਦਿਸ਼ਾ ਨਿਰਧਾਰਿਤ ਕਰਨ ਲਈ ਵਰਤੇ ਗਏ ਉਪਰੋਕਤ ਬੱਝੇ ਮੋਟਿਫ਼ਾਂ ਨੂੰ ਅਸੀਂ ਦੁਹਰਾਓ ਲੇਬਲ ਅਧੀਨ ਵਿਚਾਰ ਸਕਦੇ ਹਾਂ, 'ਦੋਹਰਾਉ ਲੇਬਲ' ਕਿਸੇ ਪਾਤਰ ਦੀਆਂ ਭਿੰਨ ਭਿੰਨ ਪਰੰਤੂ ਇਕੋ ਹੀ ਤਰ੍ਹਾਂ ਦੀਆਂ ਆਦਤਾਂ ਨੂੰ ਦਰਸਾਉਂਦਾ ਹੈ ਅਤੇ ਮੁਖ ਕਾਰਜ ਉਸ ਦੇ ਸੁਭਾ ਜਾਂ ਚਰਿਤਰ ਦੀਆਂ ਖੂਬੀਆਂ ਜਾਂ ਲੱਛਣਾਂ ਉਤੇ ਬਲ ਦੇਣਾ ਹੁੰਦਾ ਹੈ ।[9] ਉਪਰੋਕਤ ਮੋਟਿਫ਼ਾਂ ਵਿੱਚ ਓਮੀ ਸਾਧੂ ਦੇ ਹਠੀ, ਜਪੀ, ਤਪੀ ਹੋਣ ਦੀਆਂ ਵੱਖ ਵੱਖ ਪਰੰਤੂ ਇਕੋ ਹੀ ਤਰ੍ਹਾਂ ਦੀਆਂ ਖੂਬੀਆਂ ਨੂੰ ਪੇਸ਼ ਕੀਤਾ ਗਿਆ ਹੈ । ਹੱਠ ਦਾ ਮੋਟਿਫ਼ ਸਾਡੇ ਲੋਕ ਬਿਰਤਾਂਤਾਂ ਵਿੱਚ ਕਾਰਜਸ਼ੀਲ ਬੜਾ ਮਹੱਤਵਪੂਰਨ ਮੋਟਿਫ਼ ਹੈ । ਨਾਇਕ/ਨਾਇਕਾ, ਖਲਨਾਇਕ ਵੱਲੋਂ ਹੱਠ ਕਰਨ ਨਾਲ ਹੀ ਵਾਰਤਾ ਅਗਾਂਹ ਤੁਰਦੀ ਹੈ, ਰਾਵਣ ਵੱਲੋਂ ਹੱਠ ਕਰਕੇ ਸੀਤਾ ਨੂੰ ਉਧਾਲਣਾ, ਮਿਰਜ਼ੇ ਵੱਲੋਂ ਹੱਠ ਕਰਕੇ ਸਾਹਿਬਾ ਨੂੰ ਉਧਾਲਣਾ, ਸੱਸੀ ਵੱਲੋਂ ਹੱਠ ਕਰਕੇ ਪੁੰਨੂ ਮਗਰ ਤਪਦੇ ਮਾਰੂਥਲਾਂ ਵਿੱਚ ਜਾਣਾ । ਦੈਂਤਾਂ ਵਲੋਂ ਹੱਠ ਕਰਕੇ ਦੁਰਗਾ ਮਾਤਾ

ਨਾਲ ਲੜਨਾ, ਕਿਸੇ ਵੀ ਬਿਰਤਾਂਤਕ ਰਚਨਾ ਵਿੱਚ ਹੱਠ ਦਾ ਮੋਟਿਫ਼ 'ਘੁਮੰਡੀ ਦਾ ਸਿਰ ਨੀਵਾ' ਦੀ ਉਕਤੀ ਨੂੰ ਸੱਚ ਕਰਦਾ ਹੋਇਆ ਵਿਕਾਸ ਕਰਦਾ ਹੈ । ਇਸ ਕਹਾਣੀ ਵਿੱਚ ਵੀ ਓਮੀ ਸਾਧੂ ਵਲੋਂ ਹੱਠ ਕਰਨ ਦਾ ਮੋਟਿਫ਼ ਇਸੇ ਸੰਦਰਭ ਵਿੱਚ ਵਾਪਰਦਾ ਹੋਇਆ ਵਿਕਾਸ ਕਰਦਾ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ਭੈਰਵੀ ਬੰਗਾਲਣ ...ਦੀ ਤੋਰ 'ਚ ਕੋਈ ਰਿਦਮ ਸੀ ਤੇ ਬੋਲਾਂ 'ਚ ਸੁਰ ਕਿ ਸਾਈਂ ਬਾਬਾ ਨੇ ਇਹਦਾ ਨਾ ਭੈਰਵੀ ਰੱਖਿਆ ਸੀ । ਭੈਰਵੀ, ਸਉਲੇ ਰੰਗ ਦੀ ਮਜ਼ਬੂਤ ਕਾਠੀ ਵਾਲੀ ਨਰੋਈ ਔਰਤ, ਜਦੋਂ ਸਰੋਵਰ 'ਚੋਂ ਇਸ਼ਨਾਨ ਕਰਕੇ ਬਾਹਰ ਆਉਂਦੀ ਤਾਂ ਗਿੱਲੀ ਸਾੜ੍ਹੀ 'ਚ ਲਿਪਟੀ ਕੁਨਾਰਕ ਮੰਦਿਰ ਦੀ ਮੂਰਤੀ ਜਾਪਦੀ ।[10]

ਭੈਰਵੀ ਦੀ ਸੁੰਦਰਤਾ ਨੂੰ ਕੁਨਾਰਕ ਮੰਦਰ ਦੀ ਮੂਰਤੀ ਨਾਲ ਤੁਲਨਾ ਕਰਦੇ ਉਪਰੋਕਤ ਮੋਟਿਫ਼ ਦੇਖਣ ਨੂੰ ਤਾਂ ਭਾਵੇਂ ਖੁੱਲ੍ਹੇ ਮੋਟਿਫ਼ ਹੀ ਲਗਦੇ ਹਨ ਪਰ ਕਹਾਣੀ ਦੀ ਕੇਂਦਰੀ ਥੀਮ ਨੂੰ ਉਘਾੜਨ ਲਈ ਇਨ੍ਹਾਂ ਮੋਟਿਫ਼ਾਂ ਨੂੰ ਸੰਰਚਨਾਤਮਕ ਮਹੱਤਵ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਨਾਇਕ ਨਾਇਕਾ ਦੀ ਸੁੰਦਰਤਾ ਹੀ ਉਨ੍ਹਾਂ ਲਈ ਕਾਮੁਕ ਖਿੱਚ ਦਾ ਕਾਰਨ ਬਣਦੀ ਹੈ । ਸਾਡੇ ਲੋਕ ਬਿਰਤਾਂਤਾਂ ਵਿੱਚ ਨਾਇਕ ਨਾਇਕਾ ਦੀ ਸੁੰਦਰਤਾ ਦਾ ਵਰਣਨ ਬੜਾ ਮਹੱਤਵਪੂਰਨ ਮੋਟਿਫ਼ ਹੈ, ਸੱਸੀ ਵਲੋਂ ਪੁੰਨੂੰ ਦੀ ਤਸਵੀਰ ਦੇਖ ਕੇ ਉਸ ਉੱਤੇ ਮੋਹਿਤ ਹੋਣਾ, ਮਹੀਂਵਾਲ ਵਲੋਂ ਪਹਿਲੀ ਤੱਕਣੀ ਵਿੱਚ ਸੋਹਣੀ ਉੱਤੇ ਮੋਹਿਤ ਹੋਣਾ, ਲੂਣਾ ਵਲੋਂ ਪੂਰਨ ਨੂੰ ਦੇਖ ਕੇ ਉਸ ਉੱਤੇ ਮੋਹਿਤ ਹੋਣਾ, ਸੁੰਦਰਤਾ ਨੂੰ ਦੇਖ ਕੇ ਹੀਰ ਰਾਂਝੇ ਵਲੋਂ ਇੱਕ ਦੂਜੇ ਉੱਤੇ ਮੋਹਿਤ ਹੋਣਾ, ਮਿਰਜੇ ਵਲੋਂ ਸਾਹਿਬਾਂ ਨੂੰ ਦੇਖ ਕੇ ਉਸ ਉੱਤੇ ਮੋਹਿਤ ਹੋਣਾ, ਸਾਡੇ ਲੋਕ ਬਿਰਤਾਂਤਾਂ ਵਿੱਚ ਨਾਇਕ ਨਾਇਕਾ ਦੀ ਸੁੰਦਰਤਾ ਦਾ ਵਰਨਣ ਕਾਮੁਕ ਖਿੱਚ ਪੈਦਾ ਕਰਨ ਲਈ ਵਰਤਿਆ ਜਾਂਦਾ ਸੀ । ਏਥੇ ਭੈਰਵੀ ਦੀ ਸੁੰਦਰਤਾ ਦਾ ਵਰਨਣ ਓਮੀ ਸਾਧੂ ਅੰਦਰ ਕਾਮੁਕ ਖਿੱਚ ਪੈਦਾ ਕਰਨ ਲਈ ਉਸਦੇ ਹਠੀ, ਜਪੀ, ਤਪੀ ਸੁਭਾਅ ਨੂੰ ਨੀਵਾ ਕਰਨ ਖਾਤਰ ਵਰਤਿਆ ਗਿਆ ਹੈ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ ਆਸ਼ਰਮ ਦੇ ਅੰਦਰੂਨੀ ਮਾਹੌਲ ਨੂੰ ਉਜਾਗਰ ਕਰਦਾ ਹੋਇਆ ਕਹਾਣੀ ਨੂੰ ਆਸੇ ਪਾਸੇ ਖਿਲਾਰਨਾ ਸ਼ੁਰੂ ਕਰ ਦਿੰਦਾ ਹੈ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ

> ਆਸ਼ਰਮ ਵਿੱਚ ਹੋਰ ਵੀ ਔਰਤਾਂ ਸਨ ਜਿਨ੍ਹਾਂ ਨੂੰ 'ਦੇਵੀਆਂ' ਕਿਹਾ ਜਾਂਦਾ, ਉਹ ਆਸ਼ਰਮ ਦੇ ਇਕ ਪਾਸੇ ਬਣੇ ਦੇਵੀ ਵਾਸ ਵਿੱਚ ਰਹਿੰਦੀਆਂ ਸਨ । ਉਨ੍ਹਾਂ 'ਚੋਂ ਕਈ 'ਦੇਵੀਆਂ' ਦੇ ਨਾਂ ਕਿਸੇ ਨਾ ਕਿਸੇ ਸਾਧੂ ਨਾਲ ਜੁੜੇ ਹੋਏ ਸਨ ।[11]

ਕਹਾਣੀ ਬਿਰਤਾਂਤ ਨੂੰ ਆਸੇ ਪਾਸੇ ਖਿਲਾਰਦੇ ਉਪਰੋਕਤ ਖੁੱਲ੍ਹੇ ਮੋਟਿਫ਼, ਬੱਝੇ ਮੋਟਿਫ਼ਾਂ ਦੇ ਵਿਕਾਸ ਹਿੱਤ ਵਰਤੇ ਗਏ ਹਨ ਕਿਉਂਕਿ ਆਮ ਤੌਰ ਤੇ ਖੁੱਲ੍ਹੇ ਮੋਟਿਫ਼ ਕਿਸੇ ਬੱਝੇ ਮੋਟਿਫ਼ ਦੇ ਵਿਕਾਸ ਹਿੱਤ ਵਰਤੇ ਜਾਂਦੇ ਹਨ ।[12] ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

– ਉਂਝ ਕਈ ਵਾਰੀ ਕਈਆਂ ਨੂੰ ਲੱਗਦਾ ਸੀ ਕਿ ਭੈਰਵੀ ਮਿਥ ਕੇ ਓਮੀ ਜੀ ਦੀ ਮਰਿਆਦਾ ਭੰਗ ਕਰਨ 'ਤੇ ਤੁਲੀ ਹੋਈ ਹੈ । ਓਮੀ ਜੀ ਨੇ ਵੀ ਕਈ ਵਾਰੀ ਸਾਈਂ ਬਾਬਾ ਨੂੰ ਆਖਿਆ ਸੀ ਕਿ ਉਹ ਭੈਰਵੀ ਨੂੰ ਵਰਜਣ । ਪਰ ਸਾਈਂ ਬਾਬਾ ਹੱਸ ਕੇ ਟਾਲ ਦਿੰਦੇ ਜਾਂ ਕਦੇ-ਕਦੇ ਗੰਭੀਰ ਹੋ ਕੇ ਆਖਦੇ, ''ਇੰਨੇ ਸਖ਼ਤ ਨਾ ਹੋਇਆ ਕਰੋ ਮੁਨੀਵਰ, ਟੁਟਣ ਦਾ ਭੈ ਰਹਿੰਦਾ।''[13]

– ਅਗੋਂ ਓਮੀ ਜੀ ਕਠੋਰਤਾ ਨਾਲ ਜਵਾਬ ਦਿੰਦੇ, ''ਨਹੀਂ ਭਗਵਨ, ਮਰਿਆਦਾ ਪਾਲਣ ਸਾਡਾ ਧਰਮ ਹੈ, ਸਾਧੂ ਹੋਣ ਵੇਲੇ ਅਸੀਂ ਪ੍ਰਣ ਲਿਆ ਸੀ ਕਿ ਔਰਤ, ਦੌਲਤ ਤੇ ਸ਼ੋਹਰਤ ਤੋਂ ਦੂਰ ਰਹਾਂਗੇ ... । ਇਹ ਤਿੰਨੇ ਚੀਜ਼ਾਂ ਪਾਪ ਦੀ ਜੜ੍ਹ ਹਨ ਰਿਸ਼ੀਵਰ ...।''

  ਮੈਂ ਜਾਨ ਦੇ ਕੇ ਵੀ ਪ੍ਰਣ ਨਿਭਾਵਾਂਗਾ ... ।''

  ਓਮੀ ਜੀ ਦੁਹਰਾਉਂਦੇ, '' ... ਭੈਰਵੀ ਤਾਂ ਕੀ ਕੋਈ ਅਪਸਰਾ ਵੀ ਮੇਰਾ ਸਤ ਭੰਗ ਨਹੀਂ ਕਰ ਸਕਦੀ ... ।'' ਅਜਿਹੇ ਬਚਨ ਸੁਣ ਕੇ ਸਾਈਂ ਬਾਬਾ ਦੀ ਮੁਸਕਾਨ ਗਹਿਰੀ ਹੋ ਜਾਂਦੀ । ...[14]

ਓਮੀ ਸਾਧੂ ਅਤੇ ਸਾਈਂ ਬਾਬਾ ਦੀ ਆਪਸੀ ਵਾਰਤਾਲਾਪ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਵਿਚ ਸਾਈਂ ਬਾਬਾ ਇੱਕ ਹੰਢੇ ਹੋਏ ਸਿਆਣੇ ਬਜ਼ੁਰਗ ਵਜੋਂ ਪੇਸ਼ ਹੁੰਦਾ ਹੈ, ਜਿਸ ਨੂੰ ਜ਼ਿੰਦਗੀ ਦੇ ਅਸਲ ਰਹੱਸ ਦੀ ਸਮਝ ਹੈ ਇਸੇ ਲਈ ਤਾਂ ਉਹ ਓਮੀ ਸਾਧੂ ਨੂੰ ਹੱਠ ਕਰਨ ਤੋ ਵਰਜਦਾ ਹੈ । ਪਰ ਓਮੀ ਸਾਧੂ ਆਪਣੇ ਹੱਠੀ ਸੁਭਾਅ ਦੀ ਵਰਤੋਂ ਕਰਦਾ ਹੋਇਆ ਕਾਮ ਨੂੰ ਕਾਬੂ ਕਰਨਾ ਚਾਹੁੰਦਾ ਹੈ, ਉਹ ਸਾਈਂ ਬਾਬਾ ਦੇ ਬੋਲਾਂ ਉਪਰ ਯਕੀਨ ਨਾ ਕਰਦਾ ਹੋਇਆ ਇਹ ਨਹੀਂ ਜਾਣਦਾ ਕਿ 'ਸਿਆਣੇ ਦਾ ਕਿਹਾ ਅਤੇ ਔਲੇ ਦਾ ਖਾਧਾ' ਪਿਛੋਂ ਹੀ ਪਤਾ ਲਗਦਾ । ਸਾਈਂ ਬਾਬਾ ਅਤੇ ਓਮੀ ਸਾਧੂ ਦੀ ਆਪਸੀ ਵਾਰਤਾਲਾਪ ਦੇ ਉਪਰੋਕਤ ਮੋਟਿਫ਼ ਪਾਠਕ ਦੇ ਮਨ ਅੰਦਰ ਫਿਰ ਤੋਂ ਸਵਾਲ ਉਤਪੰਨ ਕਰਦੇ ਹਨ ਕਿ –

- ਕੀ ਓਮੀ ਜੀ ਸੱਚਮੁਚ ਹੀ ਕਾਮ ਤੇ ਕਾਬੂ ਪਾਉਣਗੇ, ਜਾਂ ਨਹੀਂ ਪਾਉਣਗੇ ?
- ਕੀ ਉਹ ਸੱਚਮੁੱਚ ਹੀ ਔਰਤ, ਦੌਲਤ ਤੇ ਸ਼ੋਹਰਤ ਤੋਂ ਦੂਰ ਰਹਿਣਗੇ ?

ਇਨ੍ਹਾਂ ਸੁਭਾਵਕ ਉਠ ਰਹੇ ਪ੍ਰਸ਼ਨਾਂ ਦੇ ਉੱਤਰ ਕਹਾਣੀ ਬਿਰਤਾਂਤ ਵਿੱਚ ਫੈਲੇ ਹੋਏ ਹਨ, ਇਨ੍ਹਾਂ ਬਾਰੇ ਜਾਣਕਾਰੀ ਸਾਨੂੰ ਹੌਲੀ ਹੌਲੀ 'ਵਿਲੰਬਤ ਵਿਗੋਪਨ' ਵਜੋਂ ਬਿਖਰੀਆਂ ਟੁਕੜੀਆਂ ਵਿੱਚ ਮਿਲੇਗੀ, ਅਜੇ ਇਨ੍ਹਾਂ ਬਾਰੇ ਵਿਗੋਪਨ ਰੋਕ ਲਿਆ ਹੈ । ਇਸ ਤੋਂ ਅਗਾਂਹ ਸਾਈਂ ਬਾਬਾ ਵਲੋਂ ਰਾਧਾ ਦੀ ਕਥਾ ਕਰਦੇ ਸਮੇਂ ਰਾਧਾ ਦੀ ਸੁੰਦਰਤਾ ਨੂੰ ਪੇਸ਼ ਕਰਦੇ ਵੇਰਵੇ, ਕਹਾਣੀ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਨ ਲਈ ਬੱਝੇ ਮੋਟਿਫ਼ਾਂ ਦੇ ਵਿਕਾਸ ਹਿੱਤ ਵਰਤੇ ਗਏ ਹਨ ਕਿਉਂਕਿ ਇਹ ਵੇਰਵੇ ਇਕ ਹਠੀ, ਜਪੀ, ਤਪੀ ਸਾਧੂ ਨੂੰ ਸੈਕਸ ਵੱਲ ਪ੍ਰੇਰਿਤ ਕਰਨ ਦੀ ਭੂਮਿਕਾ ਨਿਭਾਉਂਦੇ ਹਨ, ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ -

> ਸਾਈਂ ਬਾਬਾ ਜਦੋਂ ਰਾਧਾ ਦੀ ਉਪਮਾ ਕਰਦੇ ਤਾਂ ਸਰੋਤਿਆਂ ਨੂੰ ਜਾਪਦਾ ਜਿਵੇਂ 'ਬੰਗਾਲਣ ਭੈਰਵੀ' ਦੀ ਉਪਮਾ ਕਰਦੇ ਹੋਣ । ... ਭੈਰਵੀ ਉਹਨਾਂ ਦੋਵਾਂ ਦੀਆਂ ਗੱਲਾਂ ਸੁਣ ਹੱਸ ਪੈਂਦੀ । ਓਹੀ 'ਮੰਦਰਾਂ 'ਚ ਘੰਟੀਆਂ ਵਾਲਾ ਹਾਸਾ' 'ਤੇ ਓਮੀ ਜੀ ਠਰੇ ਹੋਏ ਜਲ 'ਚ ਵੜ ਕੇ ਸ਼ਾਂਤ ਹੁੰਦੇ ... ।[15]

ਇਸ ਤੋਂ ਅਗਾਂਹ ਫੇਰ ਸਿਆਲ ਦੇ ਦਿਨਾਂ ਵਿੱਚ ਸਾਈਂ ਬਾਬਾ ਵਲੋਂ ਰਾਧਾ ਕ੍ਰਿਸ਼ਨ ਦੀ ਪ੍ਰੇਮ ਕਥਾ ਨੂੰ ਛੁਹ ਲੈਣਾ, ਰਚਨਾ ਪ੍ਰੇਰਕ ਦੇ ਤੌਰ ਉਤੇ ਵਿਕਾਸ ਕਰਦਾ ਹੋਇਆ ਕਹਾਣੀ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਨ ਵਾਲੇ ਗਤੀਸ਼ੀਲ ਮੋਟਿਫ਼ਾਂ ਦੇ ਵਿਕਾਸ ਹਿੱਤ ਹਠੀ, ਜਪੀ, ਤਪੀ, ਓਮੀ ਸਾਧੂ ਦੇ ਮਨ ਅੰਦਰ ਕਾਮੁਕ ਜਵਾਰਭਾਟਾ ਉਤਪੰਨ ਕਰਨ ਲਈ ਵਰਤਿਆ ਗਿਆ ਹੈ । ਇਹੀ ਕਾਮੁਕ ਜਵਾਰਭਾਟਾ ਓਮੀ ਸਾਧੂ ਦੇ ਹੱਠ ਨੂੰ ਤੋੜਣ ਦਾ ਸਾਧਨ ਬਣਦਾ ਹੋਇਆ ਕਹਾਣੀ ਬਿਰਤਾਂਤ ਦੇ ਅਗਲੇਰੇ ਮੋਟਿਫ਼ਾਂ ਦੀ ਗਤੀ ਨੂੰ ਨਿਰਧਾਰਿਤ ਕਰਦਾ ਹੈ ਕਿਉਂਕਿ ਸਾਈਂ ਬਾਬਾ ਨਾਲ ਰਾਧਾ ਕਿਸ਼ਨ ਦੀ ਕਥਾ ਕਰਦੀ ਭੈਰਵੀ ਆਪਣੀਆਂ ਕਾਮੁਕ ਹਰਕਤਾਂ ਓਮੀ ਸਾਧੂ ਅੰਦਰ ਕਾਮੁਕ ਵੇਗ ਨੂੰ ਉਤਪੰਨ ਕਰਦੀ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ —

> ਪਤਾ ਹੀ ਨਾ ਲੱਗਾ ਭੈਰਵੀ ਕਦੋਂ ਓਮੀ ਜੀ ਦੇ ਚਰਨਾਂ 'ਚ ਖੇਡਣ ਲੱਗੀ, ਉਸਦੇ ਕਾਲੇ ਕੋਮਲ ਕੇਸ ਓਮੀ ਜੀ ਦੀਆਂ ਨੰਗੀਆਂ ਲੱਤਾਂ ਨੂੰ ਛੂਹਣ ਲੱਗੇ, ਉਹਨਾਂ ਦਾ ਕ੍ਰੋਧ ਸੱਤਵੇਂ ਅਸਮਾਨ ਚੜ੍ਹਨ ਲੱਗਾ...ਉਹ ਠਰੇ ਪਾਣੀ 'ਚ ਵੜਦਿਆਂ ਹੀ ਚੁੱਭੀ ਮਾਰ ਗਏ, ਜਿਵੇਂ ਜਲ ਸਮਾਧੀ 'ਚ ਚਲੇ ਗਏ ਹੋਣ । ਪਾਣੀ ਖੌਲਣ ਲੱਗਾ, ਜਾਪਿਆ ਪਾਣੀ ਵਿਚ ਦੋ ਮਗਰਮੱਛ ਲੜ ਰਹੇ ਹੋਣ ਤੇ ਇਹ 'ਜਲ ਸਮਾਧੀ' ਨਹੀਂ ਸੀ ... [16]

ਇਸ ਤੋਂ ਅਗੇ ਪੇਸ਼ ਹੋਏ ਮੋਟਿਫ਼ਾਂ ਵਿੱਚ ਕਹਾਣੀ ਆਪਣੇ ਅਸਲ ਵਿਕਾਸ ਵੱਲ ਵੱਧਦੀ ਹੈ ਕਿਉਂਕਿ ਭੈਰਵੀ ਦੀਆਂ ਕਾਮੁਕ ਇਲਤਾਂ ਓਮੀ ਸਾਧੂ ਦੇ ਮਨ ਅੰਦਰ ਕਾਮੁਕ ਵੇਗ ਨੂੰ ਪੈਦਾ ਕਰਦੀਆਂ ਹਨ, ਇਸ

ਵੇਗ ਤੋਂ ਛੁਟਕਾਰਾ ਪਾਉਣ ਲਈ ਉਹ ਠਰੇ ਹੋਏ ਪਾਣੀ ਦਾ ਸਹਾਰਾ ਲੈਂਦਾ ਹੈ । ਓਮੀ ਸਾਧੂ ਵਲੋਂ ਆਪਣੇ ਅੰਦਰ ਪੈਦਾ ਹੋਏ ਕਾਮੁਕ ਵੇਗ ਨੂੰ ਰੋਕਣ ਲਈ ਠਰੇ ਪਾਣੀ ਦਾ ਸਹਾਰਾ ਲੈਣਾ, ਉਸ ਦੀ ਹੋਣੀ ਨਾਲ ਸੰਬੰਧਿਤ ਮੋਟਿਫ਼ਾਂ ਨੂੰ ਸੰਕੇਤਕ ਤੌਰ ਉਤੇ ਪੇਸ਼ ਕਰਦਾ ਹੈ । ਇਸ ਤੋਂ ਅਗਾਂਹ ਓਮੀ ਸਾਧੂ ਵਲੋਂ ਆਪਣੇ ਵਸਤਰ ਬਦਲ ਕੇ ਆਸ਼ਰਮ ਵਿੱਚ ਆਉਣ ਤੋਂ ਬਾਅਦ ਸਾਈਂ ਬਾਬਾ ਨੂੰ ਕਹੇ ਇਹ ਬੋਲ -

> 'ਦੇਖੋਂ ਸਾਈਂ ਬਾਬਾ, ਅੱਜ ਮੈਂ ਜਤ ਸਤ ਦੀ ਪ੍ਰੀਖਿਆ ਦੇਵਾਂਗਾ । ਮੈਂ ਦਰਿਆ ਕੰਢੇ ਵਾਲੀ ਕੁਟੀਆ ਵਿੱਚ ਜਾ ਰਿਹਾਂ, ਤੁਸੀਂ ਭੈਰਵੀ ... ਨਹੀਂ ਕਾਮਦੇਵੀ ਰੱਤੀ ਨੂੰ ਭੇਜੋ ... ।''[17]

ਉਪਰੋਕਤ ਮੋਟਿਫ਼ 'ਗਾਲਪਨਿਕ ਮੋਟਿਫ਼' ਦੇ ਤੌਰ ਉੱਤੇ ਕਈ ਥੀਮਕ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ -

- ਹੋ ਸਕਦਾ ਹੈ ਕਿ ਸਾਈਂ ਬਾਬਾ ਭੈਰਵੀ ਨੂੰ ਓਮੀ ਸਾਧੂ ਦੇ ਮਗਰ ਉਸ ਦੇ ਜਤ ਸਤ ਦੀ ਪ੍ਰੀਖਿਆ ਲੈਣ ਲਈ ਭੇਜੇ ,
- ਇਹ ਵੀ ਹੋ ਸਕਦਾ ਹੈ ਕਿ ਉਹ ਨਾ ਭੇਜੇ ,

ਇਹ ਅਸੀਂ ਅਗਾਂਹ ਵੇਖਾਂਗੇ ਕਿ ਉਪਰੋਕਤ ਥੀਮਕ ਸੰਭਾਵਨਾਵਾਂ ਵਿੱਚੋਂ ਕਿਹੜੀ ਥੀਮ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਥੀਮ ਬਣ ਕੇ ਅੱਗੇ ਤੁਰਦੀ ਹੈ । ਕਿਉਂਕਿ ਕਹਾਣੀਕਾਰ ਉਪਰੋਕਤ ਥੀਮਕ ਸੰਭਾਵਨਾਵਾਂ ਵਿਚੋਂ ਕਿਸੇ ਇਕ ਥੀਮ ਨੂੰ ਚੁਣਨ ਤੋਂ ਪਹਿਲਾਂ ਹੇਠ ਲਿਖੇ ਮੋਟਿਫ਼ ਪੇਸ਼ ਕਰਦਾ ਹੈ :

> ਅੱਜ ਪਹਿਲੀ ਵਾਰ ਸਾਈਂ ਬਾਬਾ ਦੇ ਸ਼ਾਂਤ ਚਿਹਰੇ 'ਤੇ ਗੁੱਸੇ ਦਾ ਪਰਛਾਵਾਂ ਆਇਆ । ਉਨ੍ਹਾਂ ਕਠੋਰਤਾ ਨਾਲ ਓਮੀ ਜੀ ਵੱਲ ਵੇਖਿਆ ਪਰ ਬਾਣੀ 'ਤੇ ਕਾਬੂ ਪਾ, ਕਹਿਣ ਲੱਗੇ ,''ਮਹਾਂਪੁਰਸ਼ਾਂ ਨੇ ਕਿਹੈ ਮੁਨੀਵਰ ਕਿ ਪਰਤਿਆਵੇ ਨਹੀਂ ਲਈਦੇ ਨਾ ਆਪਣੇ ਨਾ ਕਿਸੇ ਹੋਰ ਦੇ, ਚੰਗੇ ਨਹੀਂ ਹੁੰਦੇ ... ਕਹਿੰਦੇ ਨੇ ਦੁੱਧ ਤੇ ਬੁੱਧ ਫਿੱਟਦਿਆਂ ... ।'' ਨਹੀਂ ਮਹਾਰਾਜ ਹੋਰ ਨਹੀਂ ਜਰਿਆ ਜਾਂਦਾ ... ਇਥੇ ਕਲਯੁਗ ਵਿੱਚ ਵੀ ਇੱਕ ਅਜਿਹਾ ਸਾਧੂ ਹੈ, ਜਿਸ ਨੇ ਕਾਮ ਵਸ ਕੀਤਾ ਹੋਇਆ ...''ਐਨਾ ਹੰਕਾਰ ਚੰਗਾ ਨਹੀਂ ਹੁੰਦਾ ਮੁਨੀਵਰ ...।'' ਸਾਈ ਬਾਬਾ ਦੇ ਬੋਲਾਂ ਵਿੱਚ ਦੁੱਖ ਵੀ ਸੀ ਤੇ ਤਪਸ਼ ਵੀ । ''ਮਨੁੱਖ ਮਨੁੱਖ ਐ, ਕਦੋਂ ਬਚਿਆ ਇਸ ਮਹਾਂਬਲੀ ਕੋਲੋਂ, ... ।[18]

ਓਮੀ ਸਾਧੂ ਅਤੇ ਸਾਈਂ ਬਾਬਾ ਦੀ ਆਪਸੀ ਵਾਰਤਾਲਾਪ ਦੇ ਉਪਰੋਕਤ ਮੋਟਿਫ਼ ਜਿਥੇ ਓਮੀ ਸਾਧੂ ਅਤੇ ਸਾਈਂ ਬਾਬਾ ਦੇ ਚਰਿੱਤਰ ਨੂੰ ਸਪੱਸ਼ਟ ਕਰਦੇ ਹਨ । ਉਥੇ ਫ਼ੇਬੁਲਾ ਦੇ ਅੰਤ ਸੰਬੰਧੀ ਵੀ ਵਿਗੋਪਨ ਸਪੱਸ਼ਟ ਕਰਦੇ ਹਨ । ਵਿਗੋਪਨ ਦੀ ਇਹ ਪ੍ਰਕਿਰਿਆ ਇਸ ਰਚਨਾ ਦੇ ਹੱਦ ਬੰਨੇ ਨਿਸ਼ਚਿਤ ਕਰਦੀ ਹੈ ।

ਕਹਾਣੀ ਦੇ ਅੰਤ ਵਿੱਚ ਵਾਪਰਨ ਵਾਲੀ ਸਥਿਤੀ ਨੂੰ ਸੰਵਾਦੀ ਜੁਗਤ ਦੁਆਰਾ ਪਾਠਕਾਂ ਤਕ ਪਹੁੰਚਾ ਕੇ ਕਹਾਣੀਕਾਰ ਕਹਾਣੀ ਦੇ ਅੰਤ ਤਕ ਇਸ ਸਥਿਤੀ ਦੇ ਵਿਗੋਪਨ ਦੀ ਪ੍ਰਕਿਰਿਆ ਵਿੱਚ ਰੁਝਿਆ ਰਹਿੰਦਾ ਹੈ । ਏਥੇ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਪ੍ਰਗਟਾਓ/ਲੁਕਾਓ ਦੀ ਵਿਧੀ ਨੂੰ ਵਰਤਦਾ ਹੋਇਆ ਫ਼ੇਬੁਲਾ ਦਾ ਅਜਨਬੀਕਰਨ ਵੀ ਕਰ ਜਾਂਦਾ ਹੈ ਅਤੇ ਫ਼ੇਬੁਲਾ ਨੂੰ ਅਜਨਬੀਕਰਨ ਰਹਿਣ ਵੀ ਨਹੀਂ ਦਿੰਦਾ । ਕਹਾਣੀਕਾਰ ਨੇ ਆਪਣੀ ਸਾਰੀ ਰਚਨਾ ਨੂੰ ਇਸ ਵਿਗੋਪਨ ਦੇ ਜਰੀਏ ਇਸ ਤਰ੍ਹਾਂ ਬੰਨ੍ਹਿਆ ਹੈ ਕਿ ਪਾਠਕ ਨਿਰੰਤਰ ਸੋਚਣ ਲਈ ਮਜ਼ਬੂਰ ਰਹਿੰਦਾ ਹੈ ਕਿ ਇਸ ਤੋਂ ਅੱਗੇ ਕਿਹੜੀ ਸਥਿਤੀ ਜਨਮ ਲਵੇਗੀ ਜਾਂ ਲੈ ਸਕਦੀ ਹੈ । ਇਸ ਤੋਂ ਅਗਾਂਹ ਕਹਾਣੀਕਾਰ ਸਾਈਂ ਬਾਬਾ ਵਲੋਂ ਓਮੀ ਸਾਧੂ ਦੇ ਜਤ ਸਤ ਦੀ ਪਰੀਖਿਆ ਲੈਣ ਲਈ ਭੈਰਵੀ ਨੂੰ ਓਮੀ ਸਾਧੂ ਦੇ ਮਗਰ ਭੇਜਣ ਨਾਲ ਸੰਬੰਧਤ ਰੀਮਕ ਸੰਭਾਵਨਾ ਨੂੰ ਚੁਣਦਾ ਹੋਇਆ ਕਹਾਣੀ ਬਿਰਤਾਂਤ ਨੂੰ ਜਾਰੀ ਰੱਖਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਸਾਈਂ ਬਾਬਾ ਨੇ ਰਾਧਾ ਕ੍ਰਿਸ਼ਨ ਦੀ ਮੂਰਤੀ ਅੱਗੇ ਜਾ ਸਿਰ ਨਿਵਾਇਆ, ਭੈਰਵੀ ਨੇ ਵੀ । ਸਾਈਂ ਬਾਬਾ ਨੇ ਰਾਧਾ ਦੇ ਗਲ਼ ਵਿੱਚੋਂ 'ਦੋ ਮੁਖੀ ਰੁਦਰਾਖਸਰ' ਦੀ ਮਾਲਾ ਉਤਾਰੀ ਤੇ ਭੈਰਵੀ ਦੇ ਗਲ 'ਚ ਪਾ ਆਸ਼ੀਰਵਾਦ ਦਿੰਦਿਆਂ ਕਿਹਾ, ''ਜਾਹ ਭੈਰਵੀ, ਰਾਧਾ-ਕ੍ਰਿਸ਼ਨ ਤੇਰੇ ਅੰਗ ਸੰਗ ਰਹਿਣ ...।''[19]

ਉਪਰੋਕਤ ਮੋਟਿਫ਼ ਜਿਥੇ ਕਹਾਣੀਕਾਰ ਦੀ ਚੁਣੀ ਹੋਈ ਰੀਮਕ ਸੰਭਾਵਨਾ ਦੀ ਪੁਸ਼ਟੀ ਕਰਦੇ ਹੋਏ ਵਿਕਾਸ ਕਰਦੇ ਹਨ ਉਥੇ ਪਾਠਕ ਦੇ ਮਨ ਅੰਦਰ ਸਵਾਲ ਵੀ ਉਤਪੰਨ ਕਰਦੇ ਹਨ ਕਿ ਸਾਈਂ ਬਾਬਾ ਜ਼ਿੰਦਗੀ ਦੇ ਅਸਲ ਸੱਚ ਨੂੰ ਸਮਝਦਾ ਹੋਇਆ ਵੀ ਭੈਰਵੀ ਨੂੰ ਓਮੀ ਸਾਧੂ ਦੇ ਜਤ, ਸਤ ਦੀ ਪਰੀਖਿਆ ਲੈਣ ਲਈ ਕਿਉਂ ਭੇਜਦਾ ਹੈ । ਇਸ ਦੇ ਹੇਠ ਲਿਖੇ ਕਾਰਨ ਹਨ -

- ਇੱਕ ਤਾਂ ਉਹ ਓਮੀ ਸਾਧੂ ਦਾ ਹੱਠ ਤੋੜਨਾ ਚਾਹੁੰਦਾ ਹੈ ।
- ਦੂਜਾ ਉਹ ਓਮੀ ਸਾਧੂ ਨੂੰ ਸਮਝਾਉਣਾ ਚਾਹੁੰਦਾ ਹੈ ਕਿ ਕਾਮ ਤੋਂ ਦੌੜਨਾ ਨਹੀਂ ਚਾਹੀਦਾ ਸਗੋਂ ਕਾਮ ਨੂੰ ਸਮਝਣਾ ਚਾਹੀਦਾ ਹੈ ।

ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਓਮੀ ਸਾਧੂ ਵਲੋਂ ਬੋਲੇ ਅਪਮਾਨਕ ਸ਼ਬਦਾਂ (ਜੇਕਰ ਭੈਰਵੀ ਉਸਦਾ ਸੱਤ ਨਾ ਭੰਗ ਕਰ ਸਕੀ ਤਾਂ ਸਾਈਂ ਬਾਬਾ ਆਸ਼ਰਮ ਵਿੱਚੋਂ ਕਿਤੇ ਹੋਰ ਚਲੇ ਜਾਣ) ਕਰਕੇ ਭੈਰਵੀ ਨੂੰ ਉਸਦੀ ਪਰੀਖਿਆ ਲੈਣ ਲਈ ਭੇਜਦਾ ਹੈ ।

ਉਪਰੋਕਤ ਕਾਰਨ ਸਾਈਂ ਬਾਬਾ ਵਲੋਂ ਭੈਰਵੀ ਨੂੰ ਓਮੀ ਸਾਧੂ ਦੇ ਜਤ ਸਤ ਦੀ ਪਰੀਖਿਆ ਲੈਣ ਲਈ ਉਸਦੇ ਮਗਰ ਦਰਿਆ ਕੰਢੇ ਵਾਲੀ ਕੁਟੀਆ ਵਿੱਚ ਭੇਜਣ ਦੇ ਕਾਰਨ ਬਣਦੇ ਹੋਏ ਕਹਾਣੀ ਬਿਰਤਾਂਤ ਨੂੰ ਜਾਰੀ ਰੱਖਦੇ ਹਨ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

> ਭੈਰਵੀ ਨੇ ਸਾਈਂ ਬਾਬਾ ਦੇ ਚਰਨ ਛੂਹੇ ਸਨ ਤੇ ਕਾਹਲੀ ਨਾਲ ਪੂਜਾ ਘਰ 'ਚੋਂ ਬਾਹਰ ਚਲੀ ਗਈ ਸੀ । ਜਾਂਦਿਆਂ ਉਸ ਨੇ ਕਿਸੇ ਨਾਲ ਵੀ ਨਜ਼ਰ ਨਾ ਮਿਲਾਈ, ਸਾਈਂ ਬਾਬਾ ਨਾਲ ਵੀ ਨਹੀਂ । ਪਰ ਸਾਈਂ ਬਾਬਾ ਦਾ ਹੌਕਾ ਜ਼ਰੂਰ ਸੁਣ ਲਿਆ ਸੀ ਤੇ ਇਹ ਕਹਿਣਾ ਵੀ, ''ਅੱਛਾ ! ਜਿਵੇਂ ਤੇਰੀ ਰਜ਼ਾ ... ।''[20]

ਇਸ ਤੋਂ ਅੱਗੇ ਕਹਾਣੀਕਾਰ ਅਤੀਤ ਕਾਲਕ ਅਤੇ ਵਰਤਮਾਨ ਦੇ ਵੇਰਵਿਆਂ ਨੂੰ ਇਕੋਂ ਸਮੇਂ ਪੇਸ਼ ਕਰਦਾ ਹੋਇਆ ਹੇਠ ਲਿਖੇ ਮੋਟਿਫ਼ਾਂ ਨੂੰ ਸਿਰਜਦਾ ਹੈ — ''ਆਪਾਂ ਕੁਝ ਗੱਲਾਂ ਤੈਅ ਕਰ ਲਈਏ ਮੁਨੀਵਰ ...।''

> ''ਕਿਹੜੀਆਂ ਗੱਲਾਂ ? ਓਮੀ ਜੀ ਨੇ ਅੜਬਾਈ ਨਾਲ ਪੁੱਛਿਆ ਸੀ ।''
>
> ''ਖਰ੍ਹਵਾਂ ਨਾ ਬੋਲੋ, ਇਹ ਤਾਂ ਖੇਡ ਹੈ ਕੋਈ ਜੰਗ ਨਹੀਂ ...।''
>
> ''ਮੇਰੇ ਲਈ ਇਹ ਜੰਗ ਹੈ ਤੂੰ ਤੈਅ ਕਰ ਕੀ ਕਰਨਾ ...।''
>
> ... ਭੈਰਵੀ ਓਮੀ ਜੀ ਦਾ ਹੱਥ ਫੜਨ ਲੱਗੀ ਤਾਂ ਉਹ ਹੱਥ ਝਟਕ ਕ੍ਰੋਧਿਤ ਹੋ ਕੇ ਚੀਕੇ, ''ਖ਼ਬਰਦਾਰ ਜੇ ਮੈਨੂੰ ਛੂਹਿਆ ਤਾਂ ... ।''
>
> ''ਭੈਰਵੀ ਪਲ ਕੁ ਚੁੱਪ ਰਹੀ ਫਿਰ ਬੋਲੀ'', ''ਇਹੀ ਤਾਂ ਤੈਅ ਕਰਨਾ ਮੁਨੀਵਰ, ਕਿ ਮੈਂ ਤੁਹਾਨੂੰ ਕਿਵੇਂ ਰਿਝਾਉਣਾ ... ?''
>
> ... ''ਮਤਲਬ ਤੁਹਾਨੂੰ ਮੋਹਿਤ ਕਿਵੇਂ ਕਰਨਾ ? ਬਚਨਾਂ ਨਾਲ, ਛੂਹ ਕੇ ਜਾਂ ਆਪਣਾ ਤਨ ਦਿਖਾ ਕੇ ...।'' ... ਤੁਸੀਂ ਡਰਦੇ ਹੋ, ਅੱਖਾਂ ਖੋਲ੍ਹੋਗੇ ਤਾਂ ਡੋਲ ਜਾਓਗੇ, ਛੂਹ ਲਵਾਂਗੀ ਪਿਘਲ ਜਾਓਗੇ, ਸੁਣੋਗੇ ਅੰਦਰ ਉੱਤਰ ਜਾਵਾਂਗੀ ... ।''
>
> ''ਬੱਸ ਕੁਲਟਾ ਬੱਸ ... ਲੈ ਖੋਲ੍ਹ ਦਿੱਤੇ ਨੇ ਨੇਤਰ, ਦਿਖਾ ਕੀ ਦਿਖਾਉਨੀ ਐਂ ... ਆ ਛੂਹ ਲੈ ਜਿਥੋਂ ਛੂਹਣਾ ... ।''[21]

ਸਵਾਲ ਜਵਾਬ ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਨੂੰ ਅਸੀਂ 'ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ' ਦੇ ਤੌਰ ਉੱਤੇ ਵਿਚਾਰ ਸਕਦੇ ਹਾਂ । ਜਦੋਂ ਵਾਕਾਂ ਵਿੱਚ ਮੋਟਿਫ਼ਾਂ ਦੀ ਪ੍ਰਕਿਰਤੀ ਵਿਰੋਧ ਵਾਲੀ ਹੋਵੇ ਤਾਂ ਉਹਨਾਂ 'ਮੋਟਿਫ਼ਾਂ' ਨੂੰ ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ ਮੰਨਿਆ ਜਾ

ਸਕਦਾ ਹੈ ।[22] ਉਪਰੋਕਤ ਮੋਟਿਫ਼ਾਂ ਦੀ ਸਥਿਤੀ ਵਿਰੋਧ ਵਾਲੀ ਹੋਣ ਕਰਕੇ ਇਨ੍ਹਾਂ ਨੂੰ ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ ਤਹਿਤ ਵਿਚਾਰਿਆ ਜਾ ਸਕਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਬਿਰਤਾਂਤ ਨੂੰ ਥੋੜ੍ਹਾ ਠਰੰਮਾ ਦੇਣ ਲਈ ਪਿੱਛਲਝਾਤ ਜੁਗਤ ਦੀ ਵਰਤੋਂ ਕਰਦਾ ਹੋਇਆ ਭੈਰਵੀ ਵਲੋਂ ਆਪਣੇ ਨਾਮਰਦ ਪਤੀ ਨੂੰ ਛੱਡਣ ਤੋਂ ਬਾਅਦ ਆਸ਼ਰਮ ਵਿੱਚ ਪਹੁੰਚਣ ਦੇ ਵਿਗੋਪਨ ਨੂੰ ਸਪੱਸ਼ਟ ਕਰਨ ਵਿੱਚ ਰੁਝ ਜਾਂਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਜਿਸ ਮਰਦ ਨੇ ਮੈਨੂੰ ਛੱਡਿਆ ... ਉਸ ਨੂੰ ਮੈਂ ਛੱਡਣਾ ਸੀ ਨਾਮਰਦ ਨੂੰ ... ਮੈਂ ਤਾਂ ਫਿਰ ਵੀ ਆਪਣਾ-ਆਪ ਦਰਿਆ ਸਪੁਰਦ ਕਰ ਦਿੱਤਾ ਸੀ, ਬਚਾ ਲਿਆ ਸਾਈਂ ਬਾਬਾ ਨੇ, ਰੁੜ੍ਹੀ ਜਾਂਦੀ ਨੂੰ ... ਤੇ ਲੈ ਆਏ ਇਥੇ ... ।''[23]

ਪਿੱਛਲਝਾਤ ਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ ਕਹਾਣੀ ਦੀਆਂ ਗੁੱਝੀਆਂ ਰਮਜਾਂ ਨੂੰ ਉਜਾਗਰ ਕਰਦੇ ਹੋਏ ਕਈ ਵੇਰਵਿਆਂ ਨੂੰ ਉਤਪੰਨ ਕਰਦੇ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ''ਓਸੇ ਦਿਨ ਤੋਂ ਮੈਂ ਜਾਣਦੀ ਹਾਂ ਮੁਨੀਵਰ, ... ਤੁਸੀਂ ਓਸੇ ਦਿਨ ਤੋਂ ਚਾਹੁੰਦੇ ਹੋ ਮੈਨੂੰ, ਤੁਹਾਡੀ ਉਹ ਪਹਿਲੀ ਤੱਕਣੀ ਮੈਨੂੰ ਕਦੇ ਨਹੀਂ ਭੁੱਲੀ ...'' ... ''ਇਹ ਸੱਚ ਹੈ, ਤੁਸੀਂ ਮੇਰਾ ਖ਼ਿਆਲ ਮਨ 'ਚੋਂ ਕੱਢਣ ਦੇ ਯਤਨ ਬਹੁਤ ਕਰਦੇ ਹੋ, ਮੈਨੂੰ ਕੋਸਦੇ ਹੋ, ਝਿੜਕਦੇ ਹੋ, ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹੋ ... ।''[24]

ਪਿੱਛਲਝਾਤ ਦੀ ਜੁਗਤ ਵਜੋਂ ਭੈਰਵੀ ਅਤੇ ਓਮੀ ਸਾਧੂ ਦੀ ਆਪਸੀ ਵਾਰਤਾਲਾਪ ਦੀ ਸੰਵਾਦੀ ਜੁਗਤ ਤਹਿਤ ਪੇਸ਼ ਹੋਏ ਉਪਰੋਕਤ ਮੋਟਿਫ਼ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਓਮੀ ਸਾਧੂ ਅੰਦਰੋਂ-ਅੰਦਰੀਂ ਭੈਰਵੀ ਨੂੰ ਚਾਹੁੰਦਾ ਵੀ ਹੈ ਪਰ ਉਹ ਆਪਣੇ ਹੱਠ ਨੂੰ ਕਾਇਮ ਰੱਖਣ ਲਈ ਅਤੇ ਭੈਰਵੀ ਨੂੰ ਦਿਲੋਂ ਕੱਢਣ ਲਈ ਆਪਣੇ ਸਰੀਰ ਨੂੰ ਕਸ਼ਟ ਦਿੰਦਾ ਹੈ ਤਾਂ ਜੋ ਉਹ ਆਪਣੇ ਅੰਦਰ ਪੈਦਾ ਹੋਏ ਕਾਮੁਕ ਵੇਗ ਨੂੰ ਮਾਰ ਸਕੇ । ਇਸ ਤੋਂ ਅਗਾਂਹ ਭੈਰਵੀ ਅਤੇ ਓਮੀ ਸਾਧੂ ਦੀ ਆਪਸੀ ਵਾਰਤਾਲਾਪ ਦੀ ਸੰਵਾਦੀ ਜੁਗਤ ਵਜੋਂ ਪੇਸ਼ ਹੋਏ ਮੋਟਿਫ਼ਾਂ ਵਿੱਚ ਭੈਰਵੀ ਦੀਆਂ ਕਾਮੁਕ ਹਰਕਤਾਂ ਓਮੀ ਸਾਧੂ ਨੂੰ ਉਸ ਨਾਲ ਸੈਕਸ ਕਰਨ ਲਈ ਉਤਾਵਲਾ ਕਰ ਦਿੰਦੀਆਂ ਹਨ । ਜਿਸ ਸਦਕਾ ਓਮੀ ਸਾਧੂ ਆਪਣੇ ਕਾਮੁਕ ਵੇਗ ਉਪਰ ਕਾਬੂ ਨਾ ਪਾਉਂਦਾ ਹੋਇਆ ਆਪਣੇ ਸਤ ਤੋਂ ਡੋਲ ਜਾਂਦਾ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ –

> ਓਮੀ ਜੀ ਦਾ ਵਜੂਦ ਕੰਬ ਗਿਆ । ਉਹ ਝੁਕ ਕੇ ਭੈਰਵੀ ਨੂੰ ਉਠਾਉਣ ਲੱਗੇ ਤਾਂ ... ਕੁਝ ਦੇਰ ਲਈ ਚਲਦੀ ਸ੍ਰਿਸ਼ਟੀ ਰੁਕ ਗਈ ਸੀ ... । ਵਗਦਾ ਪਾਣੀ, ਹਵਾ, ਚਲਦੇ

> ਸਾਹ, ਨੈਣ ਪਰਾਣ ... ਸਭ ਕੁਝ ਹੀ ... । ... ''ਤੂੰ ਜਿੱਤ ਗਈ ਭੈਰਵੀ, ਜਾਹ ਸਾਰੇ ਆਸ਼ਰਮ ਨੂੰ ਦੱਸ ਕਿ ਓਮੀ ਮੁੱਕ ਗਿਐ ...''... ।[25]

ਦੇਖਣ ਨੂੰ ਕਹਾਣੀ ਦਾ ਅਖ਼ੀਰ ਜਾਪਦੇ ਉਪਰੋਕਤ ਮੋਟਿਫ਼ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਨ ਲਈ 'ਗਾਲਪਨਿਕ ਮੋਟਿਫ਼' ਦੇ ਤੌਰ ਉੱਤੇ ਹੇਠ ਲਿਖੀਆਂ ਰੀਮਕ ਸੰਭਾਵਨਾਵਾਂ ਨੂੰ ਪੇਸ਼ ਕਰਦੇ ਹਨ :

- ਕੀ ਭੈਰਵੀ ਆਸ਼ਰਮ ਵਿੱਚ ਜਾ ਕੇ ਓਮੀ ਸਾਧੂ ਦੀ ਕਾਮ ਤੋਂ ਹੋਈ ਹਾਰ ਬਾਰੇ ਦੱਸ ਦੇਵੇਗੀ ?
- ਕੀ ਉਹ ਨਹੀਂ ਦੱਸੇਗੀ ?

ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਦੂਜੀ ਰੀਮਕ ਸੰਭਾਵਨਾ ਨੂੰ ਚੁਣ ਲੈਂਦਾ ਹੈ ਜੋ ਅਗਲੇ ਮੋਟਿਫ਼ਾਂ ਲਈ ਥੀਮ ਬਣ ਕੇ ਤੁਰ ਪੈਂਦੀ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ''ਸੁਣੋ ਮੁਨੀਵਰ ... ।'' ਭੈਰਵੀ ਨੇ ਉਹਨਾਂ ਦਾ ਹੱਥ ਫੜ ਲਿਆ ਸੀ, ''ਮੈਂ ਤੁਹਾਡੀ ਦਾਸੀ ਹਾਂ ਤੁਹਾਡਾ ਅਪਮਾਨ ਨਹੀਂ ਸਹਿ ਸਕਦੀ, ਮੈਂ ਕਿਸੇ ਨੂੰ ਕੁਝ ਨਹੀਂ ਦੱਸਾਂਗੀ ... ।'' ਓਮੀ ਜੀ ਨੇ ਠੰਡਾ ਸਾਹ ਭਰਿਆ ਸੀ, ''ਤੁਹਾਡੀ ਜਿੱਤ ਮੇਰੀ ਜਿੱਤ ਹੈ ਪ੍ਰਭੂ ... ਆਸ਼ਰਮ ਦਾ ਯਸ਼ ਹੈ ... ਸਾਧੂਆਂ ਦਾ ਮਾਣ ਹੈ ... ਮੈਂ ਕਹਾਂਗੀ ... ''ਮੈਂ ਹਾਰ ਗਈ, ਮੁਨੀਵਰ ਨਹੀਂ ਡੋਲੇ ... ।''[26]

ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਓਮੀ ਸਾਧੂ ਦੇ ਅਸਲ ਚਰਿੱਤਰ ਉੱਤੇ ਪਰਦਾ ਪਾਉਣ ਲਈ ਭੈਰਵੀ ਅਤੇ ਸਾਈਂ ਬਾਬਾ ਵਲੋਂ ਸੰਗਤ ਨੂੰ ਝੂਠ ਬੋਲਣ ਨਾਲ ਸੰਬੰਧਿਤ ਮੋਟਿਫ਼ਾਂ ਦੀ ਚੋਣ ਕਰਦਾ ਹੈ । ਤਾਂ ਜੋ ਓਮੀ ਸਾਧੂ ਦਾ ਮਾਣ ਸਤਿਕਾਰ ਸੰਗਤ ਵਿੱਚ ਬਣਿਆ ਰਹੇ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ :

- ਦੂਸਰੀ ਪ੍ਰਭਾਵ ਆਸ਼ਰਮ ਵਿੱਚ ਓਮੀ ਜੀ ਦਾ ਸਤਿਕਾਰ ਹੋਰ ਵਧ ਗਿਆ ਸੀ । ਪੂਜਾ ਵੇਲੇ ਭੈਰਵੀ ਨੇ ਖੜ੍ਹੀ ਹੋ ਕੇ ਬਖਸ਼ਿਸ਼ ਮੰਗੀ ਸੀ, ਕਿਹਾ ਸੀ, ''ਮੇਰਾ ਗੁਨਾਹ ਬਖਸ਼ਣ ਯੋਗ ਨਹੀਂ, ਮੈਂ ਪੁੱਜੇ ਹੋਏ ਸਾਧੂ ਦੀ ਪ੍ਰੀਖਿਆ ਲਈ, ਮੁਨੀਵਰ ਚਾਹੁੰਦੇ ਤਾਂ ਮੈਨੂੰ ਸਾੜ ਕੇ ਸੁਆਹ ਕਰ ਦਿੰਦੇ ਪਰ ਇਹ ਬੜੇ ਕਿਰਪਾਲੂ ਨੇ, ਮੈਂ ਮੁਨੀਵਰ ਤੇ ਸੰਗਤ ਤੋਂ ਮੁਆਫ਼ੀ ਮੰਗਦੀ ਹਾਂ ... ।''[27]
- ਸਾਈ ਬਾਬਾ ਦੇ ਚਿਹਰੇ 'ਤੇ ਨਿਰੰਤਰ ਖੇਡਦੀ ਮੁਸਕਾਨ ਉਂਝ ਦੀ ਉਂਝ ਨੱਚਦੀ ਰਹੀ ਸੀ । ਉਹ ਉੱਠੇ ਸਨ ਤੇ ਸਹਿਜ ਨਾਲ ਉਚਾਰਿਆ ਸੀ, ''ਓਮੀ ਜੀ ਵੱਡੇ ਦਿਲ ਵਾਲੇ ਮਹਾਤਮਾ

> ਨੇ, ਜਿਨ੍ਹਾਂ ਨੇ ਮੈਨੂੰ ਵੀ ਆਸ਼ਰਮ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਹੈ, ਨਹੀਂ ਤਾਂ ਸ਼ਰਤ ਮੁਤਾਬਕ ...।''[28]

ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਨ ਲਈ, ਓਮੀ ਸਾਧੂ ਦੇ ਅਸਲ ਚਰਿੱਤਰ ਉੱਤੇ ਪਰਦਾ ਪਾਉਣ ਲਈ ਵਰਤੇ ਗਏ ਭੈਰਵੀ ਅਤੇ ਸਾਈਂ ਬਾਬਾ ਵਲੋਂ ਝੂਠ ਬੋਲਣ ਦੇ ਉਪਰੋਕਤ ਮੋਟਿਫ਼ਾਂ ਨੂੰ ਅਸੀਂ 'ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ' ਵਜੋਂ ਵਿਚਾਰ ਸਕਦੇ ਹਾਂ । ਰਚਨਾ ਵਿਚਲੇ ਮੋਟਿਫ਼ ਉਦੋਂ ਸਮਾਨ ਪ੍ਰਕਿਰਤੀ ਵਾਲੇ ਅਖਵਾਉਂਦੇ ਹਨ ਜਦੋਂ ਕਾਰਜਾਂ ਦਾ ਪ੍ਰਭਾਵ ਸਮਾਨ ਪਏ ।[29] ਉਪਰੋਕਤ ਮੋਟਿਫ਼ਾਂ ਵਿੱਚ ਭੈਰਵੀ ਅਤੇ ਸਾਈਂ ਬਾਬਾ ਵਲੋਂ ਓਮੀ ਸਾਧੂ ਦੇ ਅਸਲ ਚਰਿੱਤਰ ਉੱਤੇ ਪਰਦਾ ਪਾਉਣ ਲਈ ਝੂਠ ਬੋਲਣ ਦੇ ਕਾਰਜਾਂ ਦਾ ਪ੍ਰਭਾਵ ਸਮਾਨ ਪੈਂਦਾ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ਉਨ੍ਹੀਂ ਦਿਨੀਂ ਸਾਈ ਬਾਬਾ ਬੜਾ ਘੱਟ ਆਰਾਮ ਕਰਦੇ ਸਨ । ਉਨ੍ਹਾਂ ਰਾਤਾਂ ਨੂੰ ਆਸ਼ਰਮ ਦੀ ਪਰਿਕਰਮਾ ਸ਼ੁਰੂ ਕਰ ਦਿੱਤੀ ਸੀ । ਉਹ ਕਦੇ ਦਰਿਆ ਕੰਢੇ ਦੀ ਕੁਟੀਆ ਦੁਆਲੇ ਘੁੰਮਦੇ, ਕਦੀ ਓਮੀ ਜੀ ਦੀ ਕੁਟੀਆ ਦੁਆਲੇ ਤੇ ਕਦੇ ਦੇਵੀ-ਵਾਸ ਦੇ ... ।[30]
>
> ਫਿਰ ਇਕ ਦਿਨ ... । ਉਨ੍ਹਾਂ ਭੈਰਵੀ ਨੂੰ ਆਖਿਆ ਸੀ, ''ਭੈਰਵੀ ਮੈਂ ਕਿੰਨਾ ਕੁ ਚਿਰ ਧਿਆਨ ਰੱਖਾਂਗਾ, ... ''ਉਂਝ ਵੀ ਮੈਂ ਬੁੱਢਾ ਹੋ ਗਿਆਂ, ਐਨਾ ਫੇਰਾ ਤੋਰਾ ਨਹੀਂ ਹੁੰਦਾ ... ਹੋਇਆ ਘੜੀ ਪਲ ... ਪਰ ਤੁਸੀਂ ਤਾਂ ... ਨਾ ਭਾਈ, ਸਾਰੀ ਸਾਰੀ ਰਾਤ ਨਹੀਂ ਖੜ੍ਹਿਆ ਜਾਂਦਾ ਪੈਹਰੇ 'ਤੇ ...।''[31]

ਪਿੱਛਲਝਾਤ ਦੀ ਜੁਗਤ ਵਜੋਂ ਪੇਸ਼ ਹੋਏ ਉਪਰੋਕਤ ਮੋਟਿਫ਼ਾਂ ਵਿੱਚ ਸਾਈਂ ਬਾਬਾ ਵਲੋਂ ਰਾਤਾਂ ਨੂੰ ਆਸ਼ਰਮ ਦੀ ਪਰਿਕਰਮਾ ਕਰਦੇ ਹੋਏ ਜਾਗਣ ਦੇ ਹੇਠ ਲਿਖੇ ਕਾਰਨ ਹਨ :

- ਉਹ ਭੈਰਵੀ ਅਤੇ ਓਮੀ ਸਾਧੂ ਦੇ ਅਸਲ ਚਰਿੱਤਰ ਨੂੰ ਸੰਗਤ ਕੋਲੋਂ ਲਕੋਣ ਲਈ ਜਾਗਦਾ ਹੈ ।
- ਉਹ ਆਸ਼ਰਮ ਦੀ ਮਰਿਆਦਾ ਕਰਕੇ ਜਾਗਦਾ ਹੈ ।
- ਉਹ ਓਮੀ ਸਾਧੂ ਦਾ ਹੱਠ ਤੋੜਣ ਲਈ ਜਾਗਦਾ ਹੈ ।
- ਉਹ ਓਮੀ ਸਾਧੂ ਦੀ ਸੰਗਤ ਵਿੱਚ ਬਣੀ ਮਰਿਆਦਾ ਕਾਇਮ ਰੱਖਣ ਕਰਕੇ ਜਾਗਦਾ ਹੈ।
- ਉਹ ਭੈਰਵੀ ਨਾਲ ਧੀਆਂ ਵਾਲਾ ਪਿਆਰ ਹੋਣ ਕਰਕੇ ਜਾਗਦਾ ਹੈ।

ਇਸ ਤੋਂ ਅਗਾਂਹ ਪੇਸ਼ ਹੋਏ ਗਤੀਸ਼ੀਲ ਮੋਟਿਫ਼ ਰੁਕੀ ਹੋਈ ਕਹਾਣੀ ਨੂੰ ਅੱਗੇ ਤੋਰਦੇ ਹੋਏ ਵਿਕਾਸ ਕਰਦੇ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਬਿਰਤਾਂਤ ਵਿੱਚ ਦੇਖਦੇ ਹਾਂ :

- ਇਹ ਪਹਿਲੀ ਰਾਤ ਹੈ ... ।

  ਦੋਵਾਂ ਆਪਣੇ-ਆਪਣੇ ਵਸਤਰ ਉਤਾਰ ਦਿੱਤੇ ਨੇ । ਇਕ ਦੂਸਰੇ ਦੇ ਨਿਕਟ ਆਏ ਹਨ । ... ਭੈਰਵੀ ਦੀਆਂ ਛਾਤੀਆਂ ਓਮੀ ਜੀ ਦੇ ਸਰੀਰ ਨਾਲ ਛੂਹ ਜਾਂਦੀਆਂ ਹਨ, ਉਹ ਸਿਸਕ ਉੱਠਦੇ ਹਨ । ... ਉਸ ਰਾਤ ਨਿੰਮੋਝੂਣੇ ਉਹ ਆਸ਼ਰਮ 'ਚ ਪਰਤ ਆਉਂਦੇ ਹਨ ... ।[32]

- ਦੂਸਰੀ ਅਤੇ ਤੀਸਰੀ ਰਾਤ ਵੀ ਇੰਝ ਹੀ ਵਾਪਰਦਾ ਹੈ ।[33]

- ਚੌਥੀ ਰਾਤ ... ।

  ਭੈਰਵੀ ਲੇਟੀ ਹੋਈ ਹੈ, ਓਮੀ ਜੀ ਇੱਕ-ਇੱਕ ਕਰਕੇ ਉਸਦੇ ਵਸਤਰ ਉਤਾਰਦੇ ਹੋਏ ਆਪਣੇ ਮਨ 'ਤੇ ਕਾਬੂ ਰੱਖਦੇ ਹਨ । ... ਪਰ ਭੈਰਵੀ ਦੀ ਹਿੱਕ ਦੀਆਂ ਉਚਾਈਆਂ ਤੋਂ ਤਿਲਕ ਜਾਂਦੇ ਹਨ ... ।[34]

- ਅੱਠਵੀਂ ਰਾਤ ।

  ... ਅੱਜ ਉਹ ਲੇਟੇ ਹੋਏ ਹਨ । ਭੈਰਵੀ ਉਹਨਾਂ ਦੇ ਵਸਤਰ ਉਤਾਰ ਰਹੀ ਹੈ । ... ਉਸਨੇ ਉਨ੍ਹਾਂ ਦੇ ਪੈਰ ਦੇ ਅੰਗੂਠੇ ਅਤੇ ਪਹਿਲੀ ਉਂਗਲ ਦੇ ਸੰਨ੍ਹ ਵਿੱਚ ਜੀਭ ਰੱਖ ਦਿੱਤੀ ਹੈ । ਉਹ ਸਿਹਰ ਉਠਦੇ ਨੇ ... । ਤੇ ਦੋਵੇਂ ਨੀਵੀਂ ਪਾਈ ਆਸ਼ਰਮ ਵਿਚ ਪਰਤ ਆਏ ਨੇ ।[35]

ਓਮੀ ਸਾਧੂ ਵਲੋਂ ਭੈਰਵੀ ਦੀ ਸਹਾਇਤਾ ਨਾਲ ਕਾਮ ਉੱਤੇ ਕਾਬੂ ਪਾਉਣ ਦੇ ਉਪਰੋਕਤ ਗਤੀਸ਼ੀਲ ਮੋਟਿਫ਼ਾਂ ਨੂੰ ਅਸੀਂ 'ਮੋਟਿਫ਼ ਕੰਨਫ਼ਿਗੁਰੇਸ਼ਨ' ਅਧੀਨ ਵਿਚਾਰ ਸਕਦੇ ਹਾਂ । ਇਸ ਇਕਾਈ ਦੇ ਅੰਤਰਗਤ ਦੋ ਜਾਂ ਦੋ ਤੋਂ ਵਧੇਰੇ ਮੋਟਿਫ਼ਾਂ ਦਾ ਅਜਿਹਾ ਸੰਗਠਨ ਹੁੰਦਾ ਹੈ ਜਿਸ ਵਿੱਚ ਇਕੋ ਹੀ ਭਾਵ ਨਾਲ ਸੰਬੰਧਿਤ ਭਿੰਨ ਭਿੰਨ ਮੋਟਿਫ਼ ਜੁੜੇ ਹੁੰਦੇ ਹਨ ਅਤੇ ਉਹ ਮਿਲ ਕੇ ਦਰਜੇਵਾਰ ਇਕ ਵਿਸ਼ੇਸ਼ ਰੂਪ-ਪ੍ਰਬੰਧ ਸਿਰਜਦੇ ਹਨ ।[36] ਸੋ ਉਪਰੋਕਤ ਮੋਟਿਫ਼ਾਂ ਵਿੱਚ ਓਮੀ ਸਾਧੂ ਵਲੋਂ ਕਾਮ ਤੋਂ ਹਾਰਨ ਦੇ ਭਿੰਨ-ਭਿੰਨ ਪਰੰਤੂ ਇਕੋ ਭਾਵ ਨਾਲ ਜੁੜੇ ਮੋਟਿਫ਼ ਮਿਲ ਕੇ 'ਦਰਜੇਵਾਰ ਰੂਪ-ਪ੍ਰਬੰਧ' ਨੂੰ ਸਿਰਜਦੇ ਹਨ । ਇਹ ਮੋਟਿਫ਼ ਕਹਾਣੀ ਦੀ ਕੇਂਦਰੀ ਥੀਮ ਨੂੰ ਉਘਾੜਣ ਲਈ ਕਹਾਣੀ-ਸੰਗਠਨ ਵਿੱਚ ਸਿੱਧਾ ਤੇ ਮਹੱਤਵਪੂਰਨ ਰੋਲ ਨਿਭਾਉਂਦੇ ਹੋਏ ਵਿਕਾਸ ਕਰਦੇ ਹਨ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ —

> ਓਮੀ ਜੀ ਨੂੰ ਲੱਗਦਾ ਹੈ ਕਿ ਓਹ ਕਦੇ ਵੀ ਜਿੱਤ ਨਹੀਂ ਸਕਣਗੇ । ... ਸਾਈਂ ਬਾਬਾ ਨੇ ਝੱਟ ਉਸ ਨੂੰ ਪਾਸੇ ਨਾਲ ਲਾ ਕੇ ਕਿਹਾ, ''ਨਹੀਂ, ਨਹੀਂ ਮੁਨੀਵਰ, ਤੁਸੀਂ ਤਾਂ ਬਹੁਤ ਛੇਤੀ ਬ੍ਰਹਮ ਨੂੰ ਪਹੁੰਚਣ ਵਾਲੇ ਹੋ ... ।''

> ਓਮੀ ਜੀ ਠੰਡਾ ਸਾਹ ਭਰਦੇ ਨੇ, ''ਬਹੁਤ ਔਖਾ ਪੈਂਡਾ ਹੈ ਪ੍ਰਭੂ, ਸੋਚਦਾ ਆਪਣੇ ਆਪ ਬਾਰੇ ਕਿੰਨੇ ਭਰਮ ਸਿਰਜ ਲੈਂਦੇ ਹਾਂ ਅਸੀਂ,... ਅਨੁਭਵ ਹੋਇਐ ਕਿ ਸਾਧੂ, ਰਿਸ਼ੀ, ਮੁਨੀ, ਮਹਾਤਮਾ, ਇਹ ਕੁਝ ਵੀ ਨਹੀਂ ਹੁੰਦਾ, ਇਹ ਭਰਮ ਹੈ ਸਭ, ਮਨੁੱਖ ਹੁੰਦਾ ਹੈ ਤੇ ਮਨੁੱਖ ਮਨੁੱਖ ਹੁੰਦਾ ਹੈ, ਹੋਰ ਕੁਝ ਨਹੀਂ । ਆਪਣੇ ਗੁਣਾਂ ਔਗੁਣਾਂ ਸਮੇਤ, ਬਾਕੀ ਸਭ ਪਰਦੇ ਨੇ, ਸਾਈਂ ਬਾਬਾ ਠੀਕ ਕਹਿੰਦੇ ਨੇ ਕਿ ਈਸ਼ਵਰ ਸਾਡਾ ਪਰਦਾ ਬਣਾਈ ਰੱਖੇ ।''[37]

ਇਥੇ ਪਹੁੰਚ ਕੇ ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਮੋਟਿਫ਼ਾਂ ਦੀ ਸਥਿਤੀ ਬਿਲਕੁਲ ਉਲਟ ਜਾਂਦੀ ਹੈ ਅਰਥਾਤ ਪਹਿਲਾਂ ਓਮੀ ਸਾਧੂ ਆਪਣੇ ਹੱਠੀ ਸੁਭਾਅ ਸਦਕਾ ਕਾਮ ਉੱਤੇ ਕਾਬੂ ਪਾਉਣ ਦੀ ਜ਼ਿੱਦ ਕਰਦਾ ਹੋਇਆ ਆਪਣੇ ਆਪ ਨੂੰ ਹਠੀ, ਜਪੀ, ਤਪੀ ਸਾਧੂ ਹੋਣ ਦੇ ਭਰਮ ਨੂੰ ਪਾਲਦਾ ਹੈ ਪਰ ਜਦੋਂ ਉਹ ਕਾਮ ਨੂੰ ਕਾਬੂ ਕਰਨ ਤੋਂ ਅਸਮਰਥ ਰਹਿੰਦਾ ਹੈ ਤਾਂ ਉਹ ਇੱਕ ਆਮ ਮਨੁੱਖ ਦੀ ਤਰ੍ਹਾਂ ਵਿਚਰਦਾ ਹੈ । ਓਮੀ ਸਾਧੂ ਦੇ ਮਨੋਸੰਗਠਨ ਨੂੰ ਪੇਸ਼ ਕਰਦੇ ਉਪਰੋਕਤ ਮੋਟਿਫ਼ ਗਤੀਹੀਣ ਮੋਟਿਫ਼ਾਂ ਦੇ ਅੰਤਰਗਤ ਆਉਂਦੇ ਹਨ ਪਰੰਤੂ ਇਹ ਗਤੀਸ਼ੀਲ ਮੋਟਿਫ਼ਾਂ ਦੀ ਪੂਰਵ ਸਥਿਤੀ ਤੇ ਪਿਛਲੇਰੇ ਪ੍ਰਭਾਵ ਨੂੰ ਹੋਰ ਉਘੜਵੇਂ ਰੂਪ ਵਿੱਚ ਪੇਸ਼ ਕਰਦੇ ਹੋਏ ਵਿਕਾਸ ਕਰਦੇ ਹਨ । ਏਥੇ ਸਾਨੂੰ ਕਹਾਣੀਕਾਰ ਦੇ ਇੱਕ ਹੋਰ ਪੈਟਰਨ ਦੀ ਸਮਝ ਆਉਂਦੀ ਹੈ ਕਿ ਕਹਾਣੀਕਾਰ ਪ੍ਰਗਟਾਉਣ/ਲੁਕਾਉਣ ਦੀ ਵਿਧੀ ਨੂੰ ਵਰਤਦਾ ਹੋਇਆ ਕਹਾਣੀ ਦੀ ਕੇਂਦਰੀ ਥੀਮ ਨੂੰ ਵੀ ਪੇਸ਼ ਕਰ ਰਿਹਾ ਹੈ ਅਤੇ ਉਸ ਨੂੰ ਲੁਕਾ ਵੀ ਰਿਹਾ ਹੈ । ਪ੍ਰਗਟਾਉਣ/ਲੁਕਾਉਣ ਦਾ ਇਹ ਸਿਲਸਿਲਾ ਕਹਾਣੀ ਦੇ ਸ਼ੁਰੂ ਤੋਂ ਅਖੀਰ ਤੱਕ ਨਿਰੰਤਰ ਚਲਦਾ ਹੈ । ਕਹਾਣੀਕਾਰ ਵਲੋਂ ਅਜਿਹੀ ਵਿਧੀ ਨੂੰ ਵਰਤਣ ਦਾ ਮੂਲ ਕਾਰਨ ਇਹ ਹੈ ਕਿ ਉਹ ਕਹਾਣੀ ਨੂੰ ਦੱਸਣੀ ਹੀ ਨਹੀਂ ਚਾਹੁੰਦਾ ਸਗੋਂ ਮਨੋਵਿਗਿਆਨਕ ਅਤੇ ਵਿਗਿਆਨਕ ਢੰਗ ਨਾਲ ਵਿਖਾਉਣੀ ਵੀ ਚਾਹੁੰਦਾ ਹੈ । ਇਸੇ ਲਈ ਜਦੋਂ ਕਹਾਣੀ ਦੇ ਬਿਰਤਾਂਤਕ ਪਾਸਾਰ ਵਿੱਚ ਕੋਈ ਰੁਕਾਵਟ ਆਉਂਦੀ ਹੈ ਤਾਂ ਕਹਾਣੀਕਾਰ ਝੱਟ ਪੱਟ ਇਹੋ ਜਿਹੇ ਮੋਟਿਫ਼ਾਂ ਨੂੰ ਪੇਸ਼ ਕਰਦਾ ਹੈ ਜੋ ਕਹਾਣੀ ਦੇ ਬਿਰਤਾਂਤ ਨੂੰ ਅਗਾਂਹ ਤੋਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ । ਉਪਰੋਕਤ ਮੋਟਿਫ਼ਾਂ ਵਿੱਚ ਵੀ ਸਥਿਤੀ ਇਸ ਤਰ੍ਹਾਂ ਹੀ ਜਾਪਦੀ ਹੈ, ਇਸ ਲਈ ਕਹਾਣੀਕਾਰ ਕਹਾਣੀ ਦੇ ਬਿਰਤਾਂਤਕ ਪਾਸਾਰ ਲਈ ਹੇਠ ਲਿਖੇ ਮੋਟਿਫ਼ਾਂ ਨੂੰ ਪੇਸ਼ ਕਰਦਾ ਹੈ :

> ਓਮੀ ਜੀ ਨੇ ਲੰਬਾ ਹੌਕਾ ਭਰਿਆ ਤਾਂ ਭੈਰਵੀ ਤੜਫ ਉੱਠੀ, ''ਇੰਝ ਦਿਲ ਨਾ ਛੱਡੋ ਮੁਨੀਵਰ, ਦੁਨੀਆ 'ਤੇ ਮਹਾਂਪੁਰਸ਼ ਵੀ ਹੁੰਦੇ ਨੇ, ਤਪੱਸਵੀ ਤੇ ਤਿਆਗੀ ਵੀ ... ਅਜੇ ਸਾਧਨਾ 'ਚ ਫ਼ਰਕ ਹੈ ... ਉਂਝ ਮੈਂ ਵੇਖ ਰਹੀ ਹਾਂ, ਇਕ ਦਿਨ ਤੁਹਾਡਾ ਨਾਂ ਅਕਾਸ਼ 'ਤੇ ਚਮਕੇਗਾ ... ਧਰੂਅ ਦੀ ਤਰ੍ਹਾਂ ... । ਕਿਉਂ ਸਾਈਂ ਬਾਬਾ ... ?''[38]

ਇਸ ਤੋਂ ਅਗਾਂਹ ਉਪਰੋਕਤ ਮੋਟਿਫ਼ਾਂ ਦੇ ਜਵਾਬ ਵਿੱਚ ਓਮੀ ਸਾਧੂ ਦੇ ਇਹ ਬੋਲ –

> ''ਇਹ ਸਭ ਭੈਰਵੀ, ਹੁਣ ਝੂਠ ਲੱਗਦੈ ... ਜਿਵੇਂ ਮੇਰੇ ਸ਼ਰਧਾਲੂ ਧੋਖੇ 'ਚ ਨੇ, ਕਿੰਨੀਆਂ ਕਹਾਣੀਆਂ ਜੋੜ ਦਿੱਤੀਆਂ ਨੇ ਮੇਰੇ ਨਾਲ ... ਇੰਝ ਹੀ ... ਖੌਰੇ ਇਹ ਧਰੂਅ ਹੋਰੀਂ ਵੀ ... ਕੀ ਪਤਾ ... ।''[39]

ਓਮੀ ਸਾਧੂ ਦੇ ਉਪਰੋਕਤ ਬੋਲ ਸੰਗਤ ਵਿੱਚ ਬਣੇ ਉਸਦੇ ਹਠੀ, ਜਪੀ, ਤਪੀ ਸਾਧੂ ਹੋਣ ਦੇ ਬਿੰਬ ਨੂੰ ਤੋੜਦੇ, ਮਿੱਥਕ ਪਾਤਰਾਂ (ਧਰੂਅ ਹੋਰੀਂ) ਨਾਲ ਸ਼ਰਧਾ ਮੁਤਾਬਕ ਜੁੜੀਆਂ ਕਹਾਣੀਆਂ ਉੱਤੇ ਵਿਅੰਗ ਕਰਦੇ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰੀ ਰੱਖਦੇ ਹਨ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਨੂੰ ਗਤੀਹੀਨ ਅਤੇ ਗਤੀਸ਼ੀਲ ਮੋਟਿਫ਼ਾਂ ਦੀ ਸਹਾਇਤਾ ਨਾਲ ਅਗਾਂਹ ਤੋਰਦਾ ਹੋਇਆ ਇਹ ਵੇਰਵੇ ਪੇਸ਼ ਕਰਦਾ ਹੈ –

> ਫਿਰ ਨੌਵੀਂ, ਦਸਵੀਂ, ਗਿਆਰਵੀਂ ਤੇ ਬਾਰ੍ਹਵੀਂ ਰਾਤ ਲੰਘ ਗਈ । ਅਭਿਆਸ ਦੀਆਂ ਰਾਤਾਂ ... ।[40]

ਇਹ ਵੇਰਵੇ ਕਹਾਣੀ ਵਿੱਚ 'ਵਿਸ਼ੇਸ਼' ਮੌਕੇ ਦੀ ਸਿਰਜਨਾ ਕਰਦੇ ਹਨ । ਜਦੋਂ ਕਿਸੇ ਰਚਨਾ ਵਿੱਚ 'ਪਠਨ-ਕਾਲ' ਤੇ ਗਲਪੀ ਕਾਲ' ਸਮਰੂਪ ਹੋ ਜਾਂਦੇ ਹਨ ਤਾਂ ਉਦੋਂ 'ਵਿਸ਼ੇਸ਼ ਮੌਕੇ' ਦੀ ਉਸਾਰੀ ਹੁੰਦੀ ਹੈ ।[41] ਉਪਰੋਕਤ ਪੇਸ਼ ਹੋਏ ਵੇਰਵਿਆਂ ਵਿੱਚ ਵੀ ਗਲਪੀ-ਕਾਲ ਅਤੇ ਪਠਨ ਕਾਲ ਲਗਪਗ ਸਮਰੂਪ ਹੋ ਗਏ ਹਨ । ਕਹਾਣੀਕਾਰ ਜ਼ਿਆਦਾ ਵਿਸਥਾਰ ਵਿੱਚ ਨਾ ਪੈਂਦਾ ਹੋਇਆ ਬਹੁਤ ਸਾਰੇ ਵਕਫੇ ਅਰਥਾਤ ਲਗਾਤਾਰ ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਰਾਤ ਵਿੱਚ ਘਟ ਚੁਕੀਆਂ ਘਟਨਾਵਾਂ ਨੂੰ ਇੱਕ ਵਾਕ ਵਿੱਚ ਹੀ ਸੰਖੇਪ ਰੂਪ ਵਿੱਚ ਕਹਿ ਜਾਂਦਾ ਹੈ । ਇਸ ਤੋਂ ਅਗਾਂਹ ਕਹਾਣੀਕਾਰ ਅਤੀਤ-ਕਾਲਕ ਤੇ ਵਰਤਮਾਨ ਵੇਰਵਿਆਂ ਨੂੰ ਇਕੋ ਸਮੇਂ ਪੇਸ਼ ਕਰਦਾ ਹੋਇਆ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰੀ ਰੱਖਦਾ ਹੈ । ਜਿਵੇਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਅਤੇ ਤੇਰ੍ਹਵੀਂ ਰਾਤ । ਤੇਰ੍ਹਵੀਂ ਰਾਤ, ਕੁਝ ਵੱਖਰਾ ਵਾਪਰਿਆ । ਪਹਿਲਾਂ ਪਹਿਲਾਂ ਓਮੀ ਜੀ ਭੈਰਵੀ ਦੇ ਜਿਸਮ ਦੀਆਂ ਗੋਲਾਈਆਂ ਵੇਖ ਮਚਲ ਉੱਠਦੇ ... ਪਰ ਇਨ੍ਹਾਂ ਰਾਤਾਂ ਵਿੱਚ ਓਮੀ ਜੀ ਨੇ ਆਪਣਾ ਧਿਆਨ ਮਨ ਨੂੰ ਵੱਸ 'ਚ ਕਰਨ ਲਈ ਲਾਈ ਰੱਖਿਆ । ... ਇਹ ਵਿਧੀ ਸਾਈਂ ਬਾਬਾ ਨੇ ਦੱਸੀ ਸੀ ... ਇਸ ਰਾਤ ਤੋਂ ਇਕ ਦਿਨ ਪਹਿਲਾਂ । ਸਾਈਂ ਬਾਬਾ ਨੂੰ ਓਮੀ ਜੀ ਅੰਦਰ ਵਾਪਰ ਰਹੇ ਪਰਿਵਰਤਨ ਦਾ ਅਨੁਭਵ ਹੋ ਗਿਆ ਸੀ ... ।[42]

ਉਪਰੋਕਤ ਮੋਟਿਫ਼ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹੋਏ ਓਮੀ ਸਾਧੂ ਵਲੋਂ ਕਾਮ ਉੱਤੇ ਕਾਬੂ ਪਾਉਣ ਲਈ ਭੈਰਵੀ ਨਾਲ ਕੀਤੇ ਜਾਂਦੇ ਪ੍ਰਯੋਗ ਦੀ ਤੇਰ੍ਹਵੀਂ ਰਾਤ ਨਾਲ ਸੰਬੰਧਿਤ ਵੇਰਵਿਆਂ ਨੂੰ ਉਤਪੰਨ ਕਰਦੇ ਹਨ । ਜਿਵੇਂ ਅਸੀਂ ਕਹਾਣੀ-ਬਿਰਤਾਂਤ ਵਿੱਚ ਦੇਖਦੇ ਹਾਂ –

> ਤੇਰ੍ਹਵੀਂ ਰਾਤ ਮੁੱਕ ਰਹੀ ਹੈ ਤੇ ਦਿਨ ਚੜ੍ਹ ਰਿਹਾ ਹੈ । ਭੈਰਵੀ ਦੀਆਂ ਅੱਖਾਂ 'ਚ ਹੰਝੂ ਆ ਗਏ, ਖੁਸ਼ੀ ਨਾਲ । ਉਸ ਨੇ ਆਪਣਾ ਸਿਰ ਓਮੀ ਜੀ ਦੇ ਚਰਨਾਂ ਉੱਤੇ ਰੱਖ ਦਿੱਤਾ, ''ਧੰਨ ਹੋ ਮੁਨੀਵਰ ...।''
>
> ... ਅੱਜ ਮੈਨੂੰ ਆਪ ਦੇ ਨੇਤਰਾਂ ਵਿੱਚੋਂ ਕਾਮ ਦੇ ਨਹੀਂ ਸ਼ਿਵ ਦੇ ਦਰਸ਼ਨ ਹੁੰਦੇ ਰਹੇ ਨੇ ... ।''[43]

ਤੇਰਵੀਂ ਰਾਤ ਨਾਲ ਸੰਬੰਧਿਤ ਉਪਰੋਕਤ ਮੋਟਿਫ਼ ਓਮੀ ਸਾਧੂ ਦੀ ਕਾਮ ਨੂੰ ਕਾਬੂ ਕਰਨ ਦੀ ਜਿੱਤ ਨੂੰ ਸਪੱਸ਼ਟ ਕਰਦੇ ਹਨ । ਪਰ ਇਹ ਜਿੱਤ ਸਦੀਵੀ ਨਹੀਂ, ਇਹ ਜਿੱਤ ਤਾਂ ਥੋੜ੍ਹ ਚਿਰੀ ਹੈ । ਕਿਉਂਕਿ ਭੈਰਵੀਂ ਨਾਲ ਲਗਾਤਾਰ ਬਾਰ੍ਹਾਂ ਰਾਤਾਂ ਗੁਜਾਰਨ ਤੋਂ ਬਾਅਦ ਓਮੀ ਸਾਧੂ ਦੀ ਕਾਮਕ ਅਤ੍ਰਿਪਤੀ ਤ੍ਰਿਪਤ ਹੋ ਜਾਂਦੀ ਹੈ । ਜਿਸ ਸਦਕਾ ਉਸਦੀ ਹੋਰ ਸੈਕਸ ਕਰਨ ਦੀ ਇੱਛਾ ਨਹੀਂ ਰਹਿੰਦੀ ਅਰਥਾਤ ਜਿਵੇਂ ਜਿਵੇਂ ਓਮੀ ਸਾਧੂ ਦੀ ਸੈਕਸ ਪੂਰਤੀ ਹੁੰਦੀ ਜਾਂਦੀ ਹੈ ਉਵੇਂ ਉਵੇਂ ਉਸਦੀ ਸੈਕਸ ਪ੍ਰਤੀ ਰੁਚੀ ਘਟਦੀ ਜਾਂਦੀ ਹੈ । ਓਮੀ ਸਾਧੂ ਦੀ ਸੈਕਸ ਪ੍ਰਤੀ ਰੁਚੀ ਦਾ ਘਟਨਾ ਹੀ ਉਸ ਲਈ ਕਾਮ ਤੇ ਕਾਬੂ ਕਰਨ ਦਾ ਕਾਰਨ ਬਣਦਾ ਹੈ । ਪਰ ਓਮੀ ਸਾਧੂ ਦੀ ਕਾਮ ਨੂੰ ਕਾਬੂ ਕਰਨ ਦੀ ਇਹ ਜਿੱਤ ਥੋੜ੍ਹ ਚਿਰੀ ਹੈ ਕਿਉਂਕਿ ਓਮੀ ਸਾਧੂ ਹਮੇਸ਼ਾ ਲਈ ਸੰਪੂਰਨ ਤੌਰ ਉਤੇ ਕਾਮ ਤੇ ਸੰਤੁਸ਼ਟ ਨਹੀਂ ਹੋ ਸਕਦਾ । ਮਾਨਵੀ ਸੁਭਾਅ ਮੁਤਾਬਕ ਉਸਦੇ ਅੰਦਰ ਸੈਕਸ ਪ੍ਰਤੀ ਰੁਚੀ ਫੇਰ ਤੋਂ ਉਜਾਗਰ ਹੋ ਸਕਦੀ ਹੈ । ਇਸੇ ਲਈ ਅਗਾਂਹ ਪੇਸ਼ ਹੋਏ ਮੋਟਿਫ਼ ਹਨ :

> ''ਫਿਰ ਵੀ ਆਪਾਂ ਕੁਝ ਦਿਨ ਹੋਰ ਵੇਖਾਂਗੇ ...।''
>
> ''ਜੋ ਆਗਿਆ ਪ੍ਰਭੂ ... ।'' ਭੈਰਵੀ ਨੇ ਪੂਰੀ ਸ਼ਰਧਾ ਨਾਲ ਕਿਹਾ ਹੈ । ਅਜੀਬ ਹਾਲਤ ਹੈ ਉਸਦੀ, ਉਹ ਨਹੀਂ ਜਾਣਦੀ ਕਿ ਰੋਵੇ ਜਾਂ ਹੱਸੇ । ਇਕੋ ਵੇਲੇ ਬੇਹੱਦ ਖ਼ੁਸ਼ ਵੀ ਹੈ । ਉਹ ਤੇ ਉਦਾਸ ਵੀ। ਪਤਾ ਨਹੀਂ ਕਿਉਂ ।[44]

ਓਮੀ ਸਾਧੂ ਦੀ ਕਾਮ ਤੋਂ ਥੋੜ੍ਹ-ਚਿਰੀ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਭੈਰਵੀ ਦੇ ਮਨੋ-ਸੰਗਠਨ ਨੂੰ ਸਪੱਸ਼ਟ ਕਰਦੇ ਉਪਰੋਕਤ ਮੋਟਿਫ਼ਾਂ ਵਿੱਚ ਕਥਨ ਇੱਕ ਹੈ ਪਰ ਆਵਾਜ਼ਾਂ ਦੋ ਹਨ । ਭੈਰਵੀ ਓਮੀ ਸਾਧੂ ਦੀ ਜਿੱਤ ਤੋਂ ਖ਼ੁਸ਼ ਵੀ ਹੈ ਅਤੇ ਉਦਾਸ ਵੀ । ਭੈਰਵੀ ਦੀ ਖ਼ੁਸ਼ੀ ਦਾ ਕਾਰਨ ਇਹ ਹੈ ਕਿ ਉਸਦੇ ਪ੍ਰੇਮੀ ਨੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਕੇ ਜਿੱਤ ਪ੍ਰਾਪਤ ਕਰ ਲਈ ਹੈ । ਪਰ ਓਮੀ ਸਾਧੂ ਦੀ ਜਿੱਤ ਉਸ ਲਈ

ਉਦਾਸੀ ਦਾ ਕਾਰਨ ਵੀ ਬਣਦੀ ਹੈ । ਉਸ ਦੀ ਉਦਾਸੀ ਦਾ ਕਾਰਨ ਇਹ ਹੈ ਕਿ ਉਸਨੇ (ਭੈਰਵੀ) ਨੇ ਆਪਣੀ ਮੰਜ਼ਿਲ ਨੂੰ ਗੁਆ ਲਿਆ ਹੈ ਅਰਥਾਤ ਉਸਨੇ ਆਪਣੇ ਪ੍ਰੇਮੀ ਓਮੀ ਸਾਧੂ ਤੋਂ ਮਿਲਣ ਵਾਲੀ ਕਾਮੁਕ ਸੰਤੁਸ਼ਟੀ ਨੂੰ ਗੁਆ ਲਿਆ ਹੈ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਦੇ ਬਿਰਤਾਂਤ ਨੂੰ ਅਗਾਂਹ ਤੋਰਦਾ ਹੋਇਆ ਹੇਠ ਲਿਖੇ ਗਤੀਸ਼ੀਲ ਮੋਟਿਫ਼ਾਂ ਨੂੰ ਪੇਸ਼ ਕਰਦਾ ਹੈ –

- ਤਿੰਨਾਂ ਰਾਤਾਂ ਅਤੇ ਤਿੰਨ ਦਿਨ ਹੋਰ ਲੰਘਣ ਤੋਂ ਬਾਅਦ ਸਤਾਰਵੇਂ ਦਿਨ ਭੈਰਵੀ ਅਤੇ ਓਮੀ ਸਾਧੂ ਦੇ ਨਾਵਾਂ ਦੀ ਜੈ ਜੈ ਕਾਰ ਹੋਣੀ,
- ਸਾਈਂ ਬਾਬਾ ਵਲੋਂ ਭੈਰਵੀ ਅਤੇ ਓਮੀ ਸਾਧੂ ਦੇ ਗਲ ਵਿੱਚ ਹਾਰ ਪਾਉਂਦੇ ਹੋਏ ਸੰਗਤ ਨੂੰ ਕਹਿਣਾ ਕਿ ਅਸੀਂ ਇਨ੍ਹਾਂ ਨੂੰ ਪੂਰੇ ਸਤਿਕਾਰ ਨਾਲ ਆਸ਼ਰਮ ਵਿੱਚ ਲੈ ਕੇ ਜਾਣਾ ਹੈ ਕਿਉਂਕਿ ਇਨ੍ਹਾਂ ਪਾਕ ਰੂਹਾਂ ਨੇ ਕਾਮ ਬਲੀ ਨੂੰ ਜਿੱਤਿਆ ਹੈ ,
- ਸੋਭਾ ਯਾਤਰਾ ਵਲੋਂ ਆਸ਼ਰਮ ਵਿੱਚ ਪਹੁੰਚਣਾ,
- ਭੈਰਵੀ ਵਲੋਂ ਸਤਿਕਾਰ ਨਾਲ ਓਮੀ ਸਾਧੂ ਦੇ ਬਰਾਬਰ ਬੈਠਣ ਤੋਂ ਇਨਕਾਰ ਕਰਨਾ ਅਤੇ ਸਾਈਂ ਬਾਬਾ ਤੋਂ ਆਗਿਆ ਲੈ ਉਤਸਵ ਦੀ ਤਿਆਰੀ ਵਿੱਚ ਰੁੱਝ ਜਾਣਾ,
- ਲੋਕਾਂ ਵਲੋਂ ਓਮੀ ਸਾਧੂ ਦੀ ਚਰਨਾਮਤ ਮੰਗਣਾ
- ਭੈਰਵੀ ਵਲੋਂ ਲੋਕਾਂ ਨੂੰ ਓਮੀ ਸਾਧੂ ਦੀ ਚਰਨਾਮਤ ਦੇਣ ਲਈ ਪੰਜ ਕੁਆਰੀਆਂ ਕੰਨਿਆਵਾਂ ਤੋਂ ਓਮੀ ਸਾਧੂ ਦੇ ਚਰਨ ਧਵਾਉਣ ਦਾ ਪ੍ਰਬੰਧ ਕਰਨਾ,
- ਪਵਿੱਤਰ ਜਲ ਅਤੇ ਚਾਂਦੀ ਦੇ ਬਰਤਨ ਵਿੱਚ ਕੁਆਰੀਆਂ ਕੰਨਿਆਵਾਂ ਵਲੋਂ ਪਲੋਸ ਪਲੋਸ ਕੇ ਓਮੀ ਸਾਧੂ ਦੇ ਚਰਨ ਧੋਣਾ,
- ਚਰਨ ਧੋ ਰਹੀਆਂ ਕੰਨਿਆਵਾਂ ਦੇ ਖੁੱਲ੍ਹੇ ਗਲਮਿਆਂ ਅੰਦਰ ਓਮੀ ਸਾਧੂ ਦੀ ਅਚਾਨਕ ਨਜ਼ਰ ਜਾਣਾ,

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਕਹਾਣੀ ਦੀ ਤੋਰ ਅਤੇ ਤਰੀਕੇ ਨੂੰ ਨਿਰਧਾਰਿਤ ਕਰਨ ਲਈ ਵਰਤੇ ਗਏ ਉਪਰੋਕਤ ਗਤੀਸ਼ੀਲ ਮੋਟਿਫ਼ ਪਾਖੰਡ ਦੇ ਆਡੰਬਰ ਥੱਲੇ ਲਕੋਏ ਜਾਂਦੇ ਅਸਲ ਸੱਚ ਨੂੰ ਨੰਗਾ ਕਰਦੇ ਹੋਏ ਕਹਾਣੀ ਦੇ ਕੇਂਦਰੀ ਥੀਮ 'ਕਾਮ ਦੀ ਸਦੀਵੀ ਜਿੱਤ' ਨੂੰ ਪੇਸ਼ ਕਰਨ ਲਈ ਵਰਤੇ ਗਏ ਹਨ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ ਕਿ ਚਰਨ ਧੋ ਰਹੀਆਂ ਕੰਨਿਆਵਾਂ ਦੀਆਂ ਸੁਡੋਲ ਛਾਤੀਆਂ ਨੂੰ ਤੱਕਦਿਆਂ ਹੀ ਓਮੀ ਸਾਧੂ ਅੰਦਰ ਫੇਰ ਤੋਂ ਆਮ ਮਨੁੱਖ ਦੀ ਤਰ੍ਹਾਂ ਕਾਮੁਕ ਜਵਾਰਭਾਟਾ ਉੱਠ ਖੜ੍ਹਦਾ ਹੈ ਜੋ ਉਸ ਲਈ ਹਾਰ ਦਾ ਕਾਰਨ ਬਣਦਾ ਹੈ :

ਉਫ਼ ! ਇਹ ਕੀ ਹੋ ਰਿਹਾ ... ? ਕਾਮ ਵਰਗੇ ਮਹਾਂਬਲੀ ਨੂੰ ਵਸ 'ਚ ਕਰ ਲੈਣ ਵਾਲੇ ਮੁਨੀ ਦੇ ਜਯਘੋਸ਼ ਹੋ ਰਹੇ ਨੇ ... । ... ਮਨ 'ਚ ਕੇਹਾ ਜਵਾਰ ਭਾਟਾ ਉਠ ਖੜ੍ਹਾ ਹੈ ... ਉਹ ਕਦੇ ਥੱਲੇ ਵੇਂਹਦੇ ਹਨ ਕਦੇ ਸੂਰਜ ਵੱਲ ... । ਮਨ ਵਿਚਲਾ ਜਵਾਰ ਭਾਟਾ ਤਨ ਵਿੱਚ ਭਰਦਾ ਜਾ ਰਿਹੈ ...ਭੈਰਵੀ ਝੇਂਪ ਰਹੀ ਹੈ, ਕਾਹਲੀ ਨਾਲ ਕਹਿ ਰਹੀ ਹੈ, ''ਸੂਰਜ ਪ੍ਰੇਸ਼ਾਨ ਕਰ ਰਿਹੈ ਮੁਨੀਵਰ ਨੂੰ ... ਨੇਤਰਾਂ 'ਚ ਲਿਸ਼ਕੋਰ ਪੈ ਰਹੀ ਹੈ ... ।'' ਸਾਈਂ ਬਾਬਾ ਸਿਰ ਹਿਲਾਉਂਦੇ ਆਖ ਰਹੇ ਨੇ,...ਓਮੀ ਜੀ ਦੇਖ ਰਹੇ ਨੇ ਕਿ ਸੂਰਜ ਕਦੋਂ ਛਿਪੇਗਾ ... ?''[45]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਨੇਕਾਂ ਥੀਮਕ ਪਸਾਰਾਂ ਵਾਲੀ ਇਸ ਬਹੁ ਪਰਤੀ ਕਹਾਣੀ ਵਿੱਚ ਕਹਾਣੀਕਾਰ ਨੇ ਵੱਖ-ਵੱਖ ਮੋਟਿਫ਼ਾਂ ਅਤੇ ਜੁਗਤਾਂ ਰਾਹੀਂ ਕਾਮ ਵਰਗੇ ਵਰਜਿਤ ਵਿਸ਼ੇ ਨੂੰ ਵਿਗਿਆਨਕ ਅਤੇ ਮਨੋਵਿਗਿਆਨਕ ਤਰੀਕੇ ਨਾਲ ਉਸਾਰਦੇ ਹੋਏ ਕਾਮ ਦੀ ਸਦੀਵੀ ਜਿੱਤ ਦੇ ਥੀਮ ਨੂੰ ਪੇਸ਼ ਕੀਤਾ ਹੈ । ਇਹ ਥੀਮ ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਸਮੁੱਚੇ ਮੋਟਿਫ਼ਾਂ ਦੇ ਆਰ ਪਾਰ ਫੈਲਿਆ ਹੋਇਆ ਹੈ ਜੋ ਆਧੁਨਿਕ ਸਮਿਆਂ ਅੰਦਰ ਡੇਰਾ ਕਲਚਰ ਦੇ ਉਭਾਰ, ਉਸ ਵਿੱਚ ਚਲਦੀ ਦੇਹ ਦੀ ਲੀਲ੍ਹਾ ਅਤੇ ਸਾਧੂਆਂ ਦੇ ਦੋਗਲੇ ਪਾਖੰਡੀ ਸੁਭਾਅ ਉਤੇ ਵਿਅੰਗ ਕਰਦਾ ਹੋਇਆ ਧਰਮ ਦੇ ਨਾਮ ਥੱਲੇ ਲਕੋਏ ਜਾਂਦੇ ਅਸਲ ਸੱਚ ਨੂੰ ਨੰਗਾ ਕਰਦਾ ਹੈ ।

Parmpal Singh Badal

VPO-Badal ,The-Malout

Disst –Sri Muktsar Sahib

Mobile No-98158-95184

## ਹਵਾਲੇ ਅਤੇ ਟਿੱਪਣੀਆਂ

1. **ਸ਼ਬਦ,** ਅੰਕ 41-42, ਪੰਨਾ 207.
2. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 23.
3. **ਉਹੀ,** ਪੰਨਾ.
4. **ਉਹੀ,** ਪੰਨਾ.

5. **ਉਹੀ,** ਪੰਨਾ.
6. **ਉਹੀ,** ਪੰਨੇ 23–24.
7. **ਉਹੀ,** ਪੰਨਾ 24.
8. **ਉਹੀ,** ਪੰਨਾ.
9. ਮਨਜੀਤ ਕੌਰ, **ਥੀਮ ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 62.
10. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 25.
11. **ਉਹੀ,** ਪੰਨਾ.
12. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 9.
13. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 25.
14. **ਉਹੀ,** ਪੰਨਾ.
15. **ਉਹੀ,** ਪੰਨਾ 26.
16. **ਉਹੀ,** ਪੰਨੇ 27–28.
17. **ਉਹੀ,** ਪੰਨਾ 28.
18. **ਉਹੀ,** ਪੰਨਾ.
19. **ਉਹੀ,** ਪੰਨਾ 29.
20. **ਉਹੀ,** ਪੰਨਾ
21. **ਉਹੀ,** ਪੰਨੇ 30–31.
22. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 35.
23. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨਾ 31.
24. **ਉਹੀ,** ਪੰਨਾ.
25. **ਉਹੀ,** ਪੰਨੇ 32–33.
26. **ਉਹੀ,** ਪੰਨਾ 33.
27. **ਉਹੀ,** ਪੰਨਾ.
28. **ਉਹੀ,** ਪੰਨਾ.
29. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 36.

30. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 33-34.
31. **ਉਹੀ,** ਪੰਨਾ 34.
32. **ਉਹੀ,** ਪੰਨੇ 34-35.
33. **ਉਹੀ,** ਪੰਨਾ 35.
34. **ਉਹੀ,** ਪੰਨਾ.
35. **ਉਹੀ,** ਪੰਨਾ.
36. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 41.
37. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 35-36.
38. **ਉਹੀ,** ਪੰਨਾ 36.
39. **ਉਹੀ,** ਪੰਨਾ.
40. **ਉਹੀ,** ਪੰਨਾ 37.
41. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 49.
42.. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ,** ਪੰਨੇ 37-38
43. **ਉਹੀ,** ਪੰਨਾ. 38.
44. **ਉਹੀ,** ਪੰਨਾ. 45. **ਉਹੀ,** ਪੰਨਾ 40.